ਬੁੱਧਵਾਰ, 27 ਮਈ, 2026
13 ਜੇਠ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 356

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 27 MAY, 2026

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਲੈਫਟੀਨੈਂਟ ਜਨਰਲ ਸਾਹੀ ਪੱਛਮੀ ਕਮਾਂਡ ਦੇ ਨਵੇਂ ਸੀ ਓ ਐੱਸ



**ਚੰਡੀਗੜ੍ਹ (ਨ ਜ਼ ਸ)**-ਲੈਫਟੀਨੈਂਟ ਜਨਰਲ ਹਰਜੀਤ ਸਿੰਘ ਸਾਹੀ ਨੂੰ ਚੰਡੀ ਮੰਦਰ ਵਿਖੇ ਪੱਛਮੀ ਕਮਾਂਡ ਦੇ ਮੁੱਖ ਦਫਤਰ ਦਾ ਚੀਫ ਆਫ ਸਟਾਫ (ਸੀ ਓ ਐੱਸ) ਨਿਯੁਕਤ ਕੀਤਾ ਗਿਆ ਹੈ। ਉਨ੍ਹਾ ਲੈਫਟੀਨੈਂਟ ਜਨਰਲ ਪੁਨੀਤ ਆਹੂਜਾ ਦੀ ਥਾਂ ਲਈ ਹੈ। ਪੰਜਾਬ ਪਬਲਿਕ ਸਕੂਲ ਨਾਭਾ ਅਤੇ ਇੰਡੀਅਨ ਮਿਲਟਰੀ ਅਕੈਡਮੀ ਦੇਹਰਾਦੂਨ ਦੇ ਸਾਬਕਾ ਵਿਦਿਆਰਥੀ ਲੈਫਟੀਨੈਂਟ ਜਨਰਲ ਸਾਹੀ ਨੂੰ ਦਸੰਬਰ 1988 ਵਿੱਚ ਰਾਜਪੂਤ ਰੈਜੀਮੈਂਟ ਦੀ 23ਵੀਂ ਬਟਾਲੀਅਨ ਵਿੱਚ ਕਮਿਸ਼ਨ ਦਿੱਤਾ ਗਿਆ ਸੀ।

## ਗੁਰਮੀਤ ਰਾਮ ਰਹੀਮ ਮਹੀਨੇ ਲਈ ਫਿਰ ਜੇਲ੍ਹ ਤੋਂ ਬਾਹਰ

**ਰੋਹਤਕ** : ਜਬਰ-ਜ਼ਨਾਹ ਦੇ ਮਾਮਲੇ ਵਿੱਚ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫਿਰ ਪੈਰੋਲ ਮਿਲ ਗਈ ਹੈ ਅਤੇ ਉਹ ਮੰਗਲਵਾਰ ਨੂੰ ਸੁਨਾਰੀਆ ਪਿੰਡ ਦੀ ਜ਼ਿਲ੍ਹਾ ਜੇਲ੍ਹ ਤੋਂ ਪੈਰੋਲ 'ਤੇ ਬਾਹਰ ਆ ਗਿਆ ਹੈ। ਰਾਮ ਰਹੀਮ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਅਗਸਤ 2017 ਵਿੱਚ ਇੱਕ ਵਿਸ਼ੇਸ਼ ਸੀ ਬੀ ਆਈ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ ਇਹ 16ਵੀਂ ਵਾਰ ਹੈ ਜਦੋਂ ਉਸ ਨੂੰ ਪੈਰੋਲ ਜਾਂ ਫਰਲੋ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਜਨਵਰੀ ਵਿੱਚ ਵੀ ਰਾਮ ਰਹੀਮ ਨੂੰ 40 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਡੇਰਾ ਮੁਖੀ ਆਪਣੀਆਂ ਦੋ ਚੇਲੀਆਂ ਨਾਲ ਜਬਰ-ਜ਼ਨਾਹ ਕਰਨ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ।

## ਖੁਦਾਈ ਕਰਦਿਆਂ ਪੰਜ ਮਜ਼ਦੂਰਾਂ ਦੀ ਮੌਤ

**ਪੰਨਾ (ਨ ਜ਼ ਸ)**-ਇਥੇ ਖੂਹ ਦੀ ਖੁਦਾਈ ਕਰਦਿਆਂ ਮਿੱਟੀ ਹੇਠਾਂ ਦੱਬ ਕੇ 5 ਮਜ਼ਦੂਰਾਂ ਦੀ ਮੌਤ ਹੋ ਗਈ। ਪੰਨਾ ਜ਼ਿਲ੍ਹੇ ਦੀ ਐੱਸ ਪੀ ਨਿਵੇਦਿਤਾ ਨਾਇਡੂ ਨੇ ਦੱਸਿਆ ਕਿ ਇਹ ਸਾਰੇ ਮਜ਼ਦੂਰ ਮਨਰੇਗਾ ਸਕੀਮ ਤਹਿਤ ਬਣਾਏ ਜਾ ਰਹੇ ਇੱਕ ਸਰਕਾਰੀ ਸਿੰਚਾਈ ਖੂਹ ਦੇ ਨਿਰਮਾਣ ਵਿੱਚ ਲੱਗੇ ਹੋਏ ਸਨ।

## ਯੋਗਰਾਜ ਦੀ ਅਗਾਊਂ ਜ਼ਮਾਨਤ ਅਰਜ਼ੀ ਖਾਰਜ

**ਚੰਡੀਗੜ੍ਹ (ਨ ਜ਼ ਸ)** ਇੱਕ ਅਦਾਲਤ ਨੇ ਮੰਗਲਵਾਰ ਸਾਬਕਾ ਕ੍ਰਿਕਟਰ ਅਤੇ ਅਦਾਕਾਰ ਯੋਗਰਾਜ ਸਿੰਘ ਵੱਲੋਂ ਦਾਇਰ ਕੀਤੀ ਅਗਾਊਂ ਜ਼ਮਾਨਤ ਦੀ ਅਰਜ਼ੀ ਖਾਰਜ ਕਰ ਦਿੱਤੀ ਹੈ। ਇਹ ਅਰਜ਼ੀ ਚੰਡੀਗੜ੍ਹ ਵਿੱਚ ਉਨ੍ਹਾ ਖ਼ਿਲਾਫ਼ ਦਰਜ ਉਸ ਐੱਫ ਆਈ ਆਰ ਦੇ ਸਬੰਧ ਵਿੱਚ ਸੀ, ਜਿਸ ਵਿੱਚ ਇੱਕ ਵੈੱਬ ਸੀਰੀਜ਼ ਦੀ ਵਾਇਰਲ ਵੀਡੀਓ ਕਲਿੱਪ ਦੌਰਾਨ ਔਰਤਾਂ ਖ਼ਿਲਾਫ਼ ਕਥਿਤ ਤੌਰ 'ਤੇ ਇਤਰਾਜ਼ਯੋਗ ਟਿੱਪਣੀਆਂ ਕਰਨ ਦੇ ਦੋਸ਼ ਲਾਏ ਗਏ ਹਨ। ਸ਼ਿਕਾਇਤਕਰਤਾਵਾਂ ਨੇ ਦੋਸ਼ ਲਾਇਆ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇਸ ਕਲਿੱਪ ਵਿੱਚ ਯੋਗਰਾਜ ਸਿੰਘ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨਾ ਸਿਰਫ਼ ਅਸ਼ਲੀਲ ਹਨ, ਬਲਕਿ ਔਰਤਾਂ ਪ੍ਰਤੀ ਨਫ਼ਰਤ ਨੂੰ ਵਧਾਉਂਦੀਆਂ ਹਨ ਅਤੇ ਸਮਾਜ ਵਿੱਚ ਔਰਤਾਂ ਦੇ ਸਨਮਾਨ ਨੂੰ ਠੇਸ ਪਹੁੰਚਾਉਂਦੀਆਂ ਹਨ।

## ਪਹਿਲੀ ਜੂਨ ਤੋਂ ਪੁਣੇ ਤੇ ਬੰਗਲੂਰੂ ਲਈ ਨਵੀਆਂ ਉਡਾਣਾਂ ਸ਼ੁਰੂ

**ਮੁਹਾਲੀ (ਨ ਜ਼ ਸ)**- ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ, ਚੰਡੀਗੜ੍ਹ ਤੋਂ ਪੁਣੇ ਅਤੇ ਬੰਗਲੂਰੂ ਲਈ ਹਵਾਈ ਸੰਪਰਕ ਹੋਰ ਵਧਣ ਜਾ ਰਿਹਾ ਹੈ, ਕਿਉਂਕਿ 1 ਜੂਨ ਤੋਂ ਗਰਮੀਆਂ ਦੇ ਸ਼ਡਿਊਲ (ਸਮਾਂ ਸਾਰਣੀ) ਵਿੱਚ ਦੋ ਹੋਰ ਸਿੱਧੀਆਂ ਉਡਾਣਾਂ ਸ਼ਾਮਲ ਕੀਤੀਆਂ ਜਾਣਗੀਆਂ। ਏਅਰ ਇੰਡੀਆ ਐਕਸਪ੍ਰੈੱਸ ਚੰਡੀਗੜ੍ਹ ਅਤੇ ਪੁਣੇ ਵਿਚਕਾਰ ਇੱਕ ਰੋਜ਼ਾਨਾ ਉਡਾਣ ਸ਼ੁਰੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਹ ਫਲਾਈਟ ਰੋਜ਼ਾਨਾ ਰਾਤ ਨੂੰ 12:45 ਵਜੇ ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਤੋਂ ਰਵਾਨਾ ਹੋਵੇਗੀ ਅਤੇ ਤੜਕੇ 3:10 ਵਜੇ ਪੁਣੇ ਪਹੁੰਚੇਗੀ। ਵਾਪਸੀ ਵਿੱਚ ਇਹ ਪੁਣੇ ਤੋਂ ਤੜਕੇ 3:45 ਵਜੇ ਰਵਾਨਾ ਹੋ ਕੇ ਸਵੇਰੇ 6:05 ਵਜੇ ਚੰਡੀਗੜ੍ਹ ਪਹੁੰਚੇਗੀ। ਇਸ ਦੇ ਨਾਲ ਹੀ ਚੰਡੀਗੜ੍ਹ ਅਤੇ ਬੰਗਲੂਰੂ ਵਿਚਕਾਰ ਸੰਪਰਕ ਨੂੰ ਹੋਰ ਮਜ਼ਬੂਤ ਕਰਦੇ ਹੋਏ ਇੱਕ ਨਵੀਂ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ। ਇਹ ਫਲਾਈਟ ਸਵੇਰੇ 6:40 ਵਜੇ ਚੰਡੀਗੜ੍ਹ ਏਅਰਪੋਰਟ ਤੋਂ ਰਵਾਨਾ ਹੋਵੇਗੀ ਅਤੇ ਸਵੇਰੇ 9:55 ਵਜੇ ਬੰਗਲੂਰੂ ਦੇ ਕੈਂਪੇਗੌੜਾ ਏਅਰਪੋਰਟ ਦੇ ਟਰਮੀਨਲ 2 'ਤੇ ਪਹੁੰਚੇਗੀ। ਵਾਪਸੀ ਵਿੱਚ ਇਹ ਰਾਤ 9:15 ਵਜੇ ਬੰਗਲੂਰੂ ਤੋਂ ਰਵਾਨਾ ਹੋ ਕੇ ਰਾਤ 12:15 ਵਜੇ ਚੰਡੀਗੜ੍ਹ ਪਹੁੰਚੇਗੀ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਨਵੀਆਂ ਉਡਾਣਾਂ ਲਈ ਬੁਕਿੰਗ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ।

## ਨਸ਼ੇ ਛੱਡੋ, ਦੁੱਧ ਪੀਓ : ਯੋ ਯੋ

**ਨਵੀਂ ਦਿੱਲੀ (ਨ ਜ਼ ਸ)**- ਰੈਪਰ ਯੋ ਯੋ ਹਨੀ ਸਿੰਘ ਨੇ ਮੰਗਲਵਾਰ ਨੂੰ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਛੱਡ ਕੇ ਦੁੱਧ, ਦਹੀਂ ਅਤੇ ਘਿਓ ਖਾਣ ਦੀ ਦਿਲੋਂ ਅਪੀਲ ਕੀਤੀ ਹੈ, ਜਿਨ੍ਹਾਂ ਉਤਪਾਦਾਂ ਲਈ ਪੰਜਾਬ ਜਾਣਿਆ ਜਾਂਦਾ ਹੈ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਜਿਨ੍ਹਾਂ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਵਿੱਚ ਮਦਦ ਲਈ ਗਾਇਕ ਨੂੰ ਆਪਣੇ ਨਾਲ ਜੋੜਿਆ ਹੈ, ਨਾਲ ਮੁਲਾਕਾਤ ਤੋਂ ਬਾਅਦ ਹਨੀ ਸਿੰਘ ਨੇ ਕਿਹਾ ਕਿ ਨਸ਼ਿਆਂ ਦੇ ਸੇਵਨ ਕਾਰਨ ਸੂਬਾ, ਇੱਥੋਂ ਦੇ ਪਰਵਾਰ ਅਤੇ ਨੌਜਵਾਨ ਬਰਬਾਦ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਨੌਜਵਾਨਾਂ ਨੂੰ ਇਸ ਜਾਨਲੇਵਾ ਆਦਤ ਤੋਂ ਛੁਟਕਾਰਾ ਦਿਵਾਉਣ ਲਈ ਭਾਜਪਾ ਅਤੇ ਤਰੁਣ ਚੁੱਘ ਨਾਲ ਮਿਲ ਕੇ ਕੰਮ ਕਰਨਗੇ। ਇੱਕ ਵੀਡੀਓ ਵਿੱਚ ਚੁੱਘ ਅਤੇ ਹਨੀ ਸਿੰਘ ਦੁੱਧ ਦਾ ਗਲਾਸ ਸਾਂਝਾ ਕਰਦੇ ਨਜ਼ਰ ਆ ਰਹੇ ਹਨ।



## ਅੱਜ-ਨਾਮਾ

ਜਦ ਵੀ ਹੋਣ ਕੁਝ ਚੋਣਾਂ ਤੇ ਸਿਰਫ ਰੋਣਾ,
ਰੋਂਦੇ ਰਹਿੰਦੇ ਫਿਰ ਆਦਮੀ ਆਮ ਮੀਆਂ।
ਲੀਡਰ ਬੰਦੇ ਨੂੰ ਬੰਦਾ ਤਾਂ ਸਮਝਦੇ ਨਹੀਂ,
ਕਰਾਉਂਦੇ ਜਿਨ੍ਹਾਂ ਤੋਂ ਕੰਮ ਤਮਾਮ ਮੀਆਂ।
ਰਾਜਸੀ ਭੇੜ ਲਈ ਜਦੋਂ ਕੁਝ ਲੋੜ ਪੈਂਦੀ,
ਆਦਮੀ ਆਮ ਕਰਦੇ ਸੜਕ ਜਾਮ ਮੀਆਂ।
ਮਿਲਦਾ ਰਾਜ ਤਾਂ ਯਾਦ ਨਹੀਂ ਆਮ ਬੰਦਾ,
ਕਰਦੇ ਲੀਡਰ ਆ ਐਸ਼-ਆਰਾਮ ਮੀਆਂ।
ਸਿਆਸੀ ਭੱਠੀ ਜੇ ਭਖਦੀ ਤੇ ਆਮ ਬੰਦਾ,
ਬਾਲਣ ਵਾਂਗ ਫਿਰ ਝੋਕਿਆ ਜਾਏ ਮੀਆਂ।
ਭੁਗਤਦਾ ਰਹਿੰਦਾ ਬੇਸ਼ੱਕ ਹੈ ਆਮ ਬੰਦਾ,
ਉਹਨੂੰ ਫੇਰ ਵੀ ਅਕਲ ਨਾ ਆਏ ਮੀਆਂ।

-ਤੀਸ ਮਾਰ ਖਾਂ

# ਮਰੀਅਮ ਨਰਮ

### ਲਾਹੌਰ ਦੀਆਂ ਗਲੀਆਂ-ਸੜਕਾਂ ਦੇ ਪੁਰਾਣੇ ਨਾਂਅ ਬਹਾਲ ਕਰਨ ਦਾ ਫ਼ੈਸਲਾ ਟਾਲਿਆ



**ਲਾਹੌਰ (ਨਵਾਂ ਜ਼ਮਾਨਾ ਸਰਵਿਸ)**

ਕੁਝ ਕੱਟੜਪੰਥੀ ਤੱਤਾਂ ਦੇ ਦਬਾਅ ਹੇਠ ਆ ਕੇ ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਲਾਹੌਰ ਵਿੱਚ ਸੜਕਾਂ ਅਤੇ ਕਈ ਗਲੀਆਂ ਦੇ ਅਸਲ ਇਤਿਹਾਸਕ ਨਾਵਾਂ ਨੂੰ ਬਹਾਲ ਕਰਨ ਦੀ ਆਪਣੀ ਯੋਜਨਾ ਨੂੰ ਮੁਲਤਵੀ ਕਰ ਦਿੱਤਾ ਹੈ, ਜਿਸ ਦਾ ਉਦੇਸ਼ ਸ਼ਹਿਰ ਦੀ ਵੰਡ ਤੋਂ ਪਹਿਲਾਂ ਦੀ ਵਿਰਾਸਤ ਨੂੰ ਮੁੜ ਸੁਰਜੀਤ ਕਰਨਾ ਸੀ। ਲਾਹੌਰ ਹੈਰੀਟੇਜ ਏਰੀਆਜ਼ ਰੀਵਾਈਵਲ ਨੇ ਆਪਣੀ ਹਾਲ ਹੀ ਵਿੱਚ ਹੋਈ ਮੀਟਿੰਗ, ਜਿਸ ਦੀ ਪ੍ਰਧਾਨਗੀ ਪੀ ਐੱਮ ਐੱਲ-ਐੱਨ ਦੇ ਪ੍ਰਧਾਨ ਅਤੇ ਤਿੰਨ ਵਾਰ ਪ੍ਰਧਾਨ ਮੰਤਰੀ ਰਹੇ ਨਵਾਜ਼ ਸ਼ਰੀਫ ਅਤੇ ਉਨ੍ਹਾ ਦੀ ਧੀ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਸਾਂਝੇ ਤੌਰ 'ਤੇ ਕੀਤੀ, ਨੇ ਲਾਹੌਰ ਅਤੇ ਇਸ ਦੇ ਆਂਢ-ਗੁਆਂਢ ਵਿੱਚ ਸੜਕਾਂ ਅਤੇ ਗਲੀਆਂ ਦੇ ਅਸਲ ਇਤਿਹਾਸਕ ਨਾਵਾਂ ਦੀ ਬਹਾਲੀ ਨੂੰ ਪ੍ਰਵਾਨਗੀ ਦਿੱਤੀ ਸੀ। ਹੁਣ ਸਰਕਾਰ ਨੇ ਇਸ ਫ਼ੈਸਲੇ 'ਤੇ ਇਹ ਕਹਿੰਦਿਆਂ ਯੂ-ਟਰਨ ਲੈ ਲਿਆ ਹੈ ਕਿ ਉਹ ਅਜੇ ਵੀ ਲਾਹੌਰ ਦੀਆਂ ਸੜਕਾਂ ਅਤੇ ਗਲੀਆਂ ਦੇ ਅਸਲ ਨਾਵਾਂ ਨੂੰ ਬਹਾਲ ਕਰਨ 'ਤੇ ਵਿਚਾਰ ਕਰ ਰਹੀ ਹੈ। ਲਾਹੌਰ ਦੇ ਡਿਪਟੀ ਕਮਿਸ਼ਨਰ ਕੈਪਟਨ ਆਰ ਮੁਹੰਮਦ ਅਲੀ ਇਜਾਜ਼ ਨੇ ਦੱਸਿਆ, 'ਅਜੇ ਤੱਕ ਅਜਿਹਾ ਕੋਈ ਫੈਸਲਾ ਨਹੀਂ ਲਿਆ ਗਿਆ।' ਜਦੋਂ ਉਨ੍ਹਾ ਤੋਂ ਪੁੱਛਿਆ ਗਿਆ ਕਿ ਸ਼ਰੀਫ ਅਤੇ ਮਰੀਅਮ ਦੋਵਾਂ ਨੇ ਸੜਕਾਂ ਅਤੇ ਗਲੀਆਂ ਦੇ ਅਸਲ ਨਾਵਾਂ ਦੀ ਬਹਾਲੀ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਮੁੱਖ ਮੰਤਰੀ ਦਫਤਰ ਨੇ ਇਸ ਸੰਬੰਧ ਵਿੱਚ 20 ਮਾਰਚ ਨੂੰ ਇੱਕ ਹੈਂਡਆਊਟ ਜਾਰੀ ਕੀਤਾ ਸੀ, ਤਾਂ ਇਜਾਜ਼ ਨੇ ਜ਼ੋਰ ਦੇ ਕੇ ਕਿਹਾ, 'ਇਸ ਮਾਮਲੇ 'ਤੇ ਅਜੇ ਕੋਈ ਫੈਸਲਾ ਨਹੀਂ ਲਿਆ ਗਿਆ। ਮਾਮਲਾ ਅਜੇ ਵਿਚਾਰ-ਅਧੀਨ ਹੈ।' ਹਾਲਾਂਕਿ, ਇੱਕ ਅਧਿਕਾਰਤ ਸੂਤਰ ਨੇ ਕਿਹਾ ਕਿ ਵਲੌਗਰਾਂ ਸਮੇਤ ਕੁਝ ਕੱਟੜਪੰਥੀ ਤੱਤਾਂ ਨੇ ਲਾਹੌਰ ਵਿੱਚ ਸੜਕਾਂ ਅਤੇ ਗਲੀਆਂ ਦੇ ਵੰਡ ਤੋਂ ਪਹਿਲਾਂ ਦੇ ਹਿੰਦੂ ਅਤੇ ਸਿੱਖ ਨਾਵਾਂ ਨੂੰ ਬਹਾਲ ਕਰਨ ਲਈ ਮਰੀਅਮ ਦੀ ਸਖਤ ਆਲੋਚਨਾ ਕੀਤੀ ਹੈ, ਜਿਵੇਂ ਕਿ ਆਲੋਚਕਾਂ ਨੇ ਸਰਕਾਰ ਦੇ ਫੈਸਲੇ ਨੂੰ ਧਾਰਮਕ ਰੰਗ ਦਿੱਤਾ, ਮਰੀਅਮ ਨਵਾਜ਼ ਪ੍ਰਸ਼ਾਸਨ ਬੈਕਫੁਟ 'ਤੇ ਚਲਾ ਗਿਆ ਹੈ ਅਤੇ ਪ੍ਰਤੀਕਿਰਿਆ ਤੋਂ ਬਚਣ ਲਈ ਫੈਸਲੇ ਨੂੰ ਟਾਲ ਦਿੱਤਾ ਹੈ।

ਕੱਟੜਪੰਥੀ ਤੱਤਾਂ ਦੇ ਵਿਰੋਧ ਤੋਂ ਬਾਅਦ ਲਾਹੌਰ ਹੈਰੀਟੇਜ ਏਰੀਆਜ਼ ਰੀਵਾਈਵਲ ਨੇ ਵਿਦਵਾਨਾਂ, ਇਤਿਹਾਸਕਾਰਾਂ, ਆਰਕੀਟੈਕਟਾਂ, ਸ਼ਹਿਰੀ ਯੋਜਨਾਕਾਰਾਂ ਅਤੇ ਹੋਰ ਪ੍ਰਮੁੱਖ ਵਿਅਕਤੀਆਂ ਦਾ ਇੱਕ ਇਕੱਠ ਕੀਤਾ ਅਤੇ ਲਾਹੌਰ ਭਰ ਵਿੱਚ ਸੜਕਾਂ, ਗਲੀਆਂ ਅਤੇ ਇਲਾਕਿਆਂ ਦੇ ਅਸਲ ਨਾਵਾਂ ਨੂੰ ਬਹਾਲ ਕਰਨ ਦੀ ਤਜਵੀਜ਼ 'ਤੇ ਉਨ੍ਹਾਂ ਦੇ ਸੁਝਾਅ ਮੰਗੇ। ਮੀਟਿੰਗ ਤੋਂ ਬਾਅਦ ਇੱਕ ਬਿਆਨ ਵਿੱਚ ਕਿਹਾ ਗਿਆ, 'ਭਾਗੀਦਾਰਾਂ ਨੇ ਵੱਖ-ਵੱਖ ਨਾਵਾਂ ਦੀ ਇਤਿਹਾਸਕ ਸਾਰਥਕਤਾ, ਸ਼ਹਿਰ ਦੇ ਅਤੀਤ ਦੇ ਦਸਤਾਵੇਜ਼ੀਕਰਨ ਅਤੇ ਵਿਰਾਸਤੀ ਸੰਭਾਲ, ਸੈਰ-ਸਪਾਟਾ ਅਤੇ ਜਨਤਕ ਜਾਗਰੂਕਤਾ 'ਤੇ ਅਜਿਹੇ ਪੁਨਰ ਸੁਰਜੀਤੀ ਦੇ ਸੰਭਾਵੀ ਪ੍ਰਭਾਵ ਬਾਰੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।' ਲਾਹੌਰ ਦੀਆਂ ਇਤਿਹਾਸਕ ਗਲੀਆਂ ਅਤੇ ਸੜਕਾਂ, ਜਿਨ੍ਹਾਂ ਦਾ ਨਾਂਅ ਪਿਛਲੀਆਂ ਸਰਕਾਰਾਂ ਨੇ ਬਦਲਿਆ ਸੀ, ਵਿੱਚ ਕਵੀਨਜ਼ ਰੋਡ, ਜੇਲ੍ਹ ਰੋਡ, ਡੇਵਿਸ ਰੋਡ, ਲਾਰੈਂਸ ਰੋਡ, ਐਮਪ੍ਰੈਸ ਰੋਡ, ਕ੍ਰਿਸ਼ਨ ਨਗਰ, ਸੰਤਨਗਰ, ਧਰਮਪੁਰਾ, ਬ੍ਰਾਂਡਰੇਥ ਰੋਡ, ਰਾਮ ਗਲੀ, ਟੈਂਪਬੈਲ ਸਟਰੀਟ, ਲਕਸ਼ਮੀ ਚੌਕ, ਜੈਨ ਮੰਦਰ ਰੋਡ, ਕੁੰਭੜਪੁਰਾ, ਮੋਹਨ ਲਾਲ ਬਾਜ਼ਾਰ, ਸੁੰਦਰ ਦਾਸ ਰੋਡ, ਭਗਵਾਨਪੁਰਾ, ਸ਼ਾਂਤੀ ਨਗਰ ਅਤੇ ਆਊਟਫਾਲ ਰੋਡ ਸ਼ਾਮਲ ਹਨ।

# ਲੁੱਟ-ਖਸੁੱਟ ਅਧਾਰਤ ਨਿਜ਼ਾਮ ਬਦਲਣਾ ਜ਼ਰੂਰੀ : ਬਰਾੜ

- ਮੋਦੀ ਸਰਕਾਰ ਦਾ ਮਜ਼ਦੂਰ ਵਰਗ 'ਤੇ ਸਿੱਧਾ ਹਮਲਾ : ਗੋਰੀਆ
- ਲਾਲ ਝੰਡੇ ਦੀ ਮਜ਼ਬੂਤੀ ਤੇ ਕਿਸਾਨ-ਮਜ਼ਦੂਰ ਏਕਤਾ ਬਿਹਤਰੀ ਦੀਆਂ ਜਾਮਨ : ਦੇਵੀ ਕੁਮਾਰੀ






**ਤਰਨ ਤਾਰਨ/ਝਬਾਲ (ਗਿਆਨ ਸੈਦਪੁਰੀ/ਹਰਜਿੰਦਰ ਸਿੰਘ ਸੋਨੀ)**

ਇਥੋਂ ਦੇ ਰਾਮਗੜ੍ਹੀਆ ਬੁੰਗਾ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਵਿਕਸਤ ਭਾਰਤ-ਗਰੰਟੀ ਫਾਰ ਰੁਜ਼ਗਾਰ ਐਂਡ ਅਜੀਵਿਕਾ ਮਿਸ਼ਨ (ਗ੍ਰਾਮੀਣ) ਦੇ ਨਾਂਅ 'ਤੇ ਪੇਂਡੂ ਕਾਮਿਆਂ ਦੀ ਰੋਟੀ-ਰੋਜ਼ੀ 'ਤੇ ਹਮਲਾ ਰੋਕਣ ਲਈ ਮਜ਼ਦੂਰ ਵਰਗ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੀ ਕੜੀ ਵਜੋਂ ਪ੍ਰਭਾਵਸ਼ਾਲੀ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਉਪਰੰਤ ਤਰਨ ਤਾਰਨ ਦੇ ਬਾਜ਼ਾਰਾਂ ਵਿੱਚ ਕੀਤਾ ਗਿਆ ਰੋਹ ਭਰਪੂਰ ਮਾਰਚ ਆਪਣੀ ਗੱਲ ਲੋਕਾਂ ਤੱਕ ਪੁੱਜਦੀ ਕਰਨ ਵਿੱਚ ਸਫਲ ਰਿਹਾ।ਜੋਗਿੰਦਰ ਸਿੰਘ ਵਲਟੋਹਾ, ਪਰਮਜੀਤ ਕੌਰ ਸਰਹਾਲੀ ਕਲਾਂ, ਕੁਲਵੰਤ ਸਿੰਘ ਖਡੂਰ ਸਾਹਿਬ, ਰਸ਼ਪਾਲ ਸਿੰਘ ਘੁਰਕਵਿੰਡ ਅਤੇ ਜਸਵੀਰ ਸਿੰਘ ਜੌਣੇਕੇ ਦੀ ਪ੍ਰਧਾਨਗੀ ਵਿੱਚ ਹੋਈ ਕਨਵੈਨਸ਼ਨ ਵਿੱਚ ਔਰਤਾਂ ਤੇ ਨੌਜਵਾਨਾਂ ਦੀ ਭਰਵੀਂ ਸ਼ਮੂਲੀਅਤ ਆਪਣੇ ਆਪ ਵਿੱਚ ਇੱਕ ਪ੍ਰਾਪਤੀ ਹੋ ਨਿੱਬੜੀ।

ਭਾਰਤੀ ਕਮਿਊਨਿਸਟ ਪਾਰਟੀ ਦੀ ਨੈਸ਼ਨਲ ਕੌਂਸਲ ਦੇ ਮੈਂਬਰ ਤੇ ਏਟਕ ਪੰਜਾਬ ਦੇ ਪ੍ਰਧਾਨ ਬੰਤ ਸਿੰਘ ਬਰਾੜ ਨੇ ਆਪਣੇ ਸੰਬੋਧਨ ਵਿੱਚ ਸਥਾਨਕ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਦੀ ਸਿਆਸੀ, ਆਰਥਿਕ ਤੇ ਸਮਾਜੀ ਹਾਲਤ ਦਾ ਵਰਣਨ ਕੀਤਾ। ਉਹਨਾ ਕਿਹਾ ਕਿ ਕਿਰਤੀ ਲੋਕ ਜਿੱਥੇ ਖੇਤਾਂ ਵਿੱਚ ਅਨਾਜ ਪੈਦਾ ਕਰਕੇ ਲੋਕਾਈ ਦਾ ਢਿੱਡ ਭਰਦੇ ਹਨ, ਉੱਥੇ ਵੱਡੇ-ਵੱਡੇ ਕਾਰਖਾਨੇ ਤੇ ਹੋਰ ਇਮਾਰਤਾਂ ਉਸਾਰਦੇ ਹਨ। ਦੁਖਾਂਤ ਇਹ ਹੈ ਕਿ ਸਾਡੇ ਦੇਸ਼ ਵਿੱਚ ਕਰੋੜਾਂ ਗਰੀਬ ਲੋਕ ਦੋ ਡੰਗ ਦੀ ਰੋਟੀ ਤੋਂ ਮੁਥਾਜ਼ ਹਨ। ਅਮੀਰ ਲੋਕ ਵੱਡੀਆਂ-ਵੱਡੀਆਂ ਇਮਾਰਤਾਂ ਤੇ ਏ ਸੀ ਕਮਰਿਆਂ ਵਿੱਚ ਬੈਠ ਕੇ ਕਰੋੜਾਂ ਰੁਪਏ ਹੜੱਪ ਰਹੇ ਹਨ। ਮਜ਼ਦੂਰ ਨੂੰ ਆਪਣੀਆਂ ਹੀ ਉਸਾਰੀਆਂ ਹੋਈਆਂ ਇਮਾਰਤਾਂ ਵਿੱਚ ਕੋਈ ਥਾਂ ਨਹੀਂ ਮਿਲਦੀ। ਕਾਮਰੇਡ ਬਰਾੜ ਨੇ ਕਿਹਾ ਕਿ ਇਹ ਨਿਜ਼ਾਮ ਬਦਲ ਦੇਣਾ ਚਾਹੀਦਾ ਹੈ। ਇਹ ਬਦਲਿਆ ਜਾ ਸਕਦਾ ਹੈ। ਉਹਨਾ 1917 ਵਿੱਚ ਰੂਸ ਵਿੱਚ ਹੋਏ ਇਨਕਲਾਬ ਦੀ ਮਿਸਾਲ ਦਿੰਦਿਆਂ ਕਿਹਾ ਕਿ ਜਦੋਂ ਮਜ਼ਦੂਰ

• ਬਾਕੀ ਸਫਾ 2 'ਤੇ

## ਭਾਜਪਾ ਨੂੰ 1-2 ਤੇ ਕਾਂਗਰਸ ਨੂੰ 9 ਤੱਕ ਵਿਧਾਨ ਸਭਾ ਸੀਟਾਂ ਮਿਲਣਗੀਆਂ : ਮਾਨ



**ਚੰਡੀਗੜ੍ਹ (ਨ ਜ਼ ਸ)**-ਮੁੱਖ ਮੰਤਰੀ ਭਗਵੰਤ ਮਾਨ ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਇੱਕ ਵੱਡੀ ਭਵਿੱਖਬਾਣੀ ਕੀਤੀ ਹੈ, ਜਿਸ ਨਾਲ ਸਿਆਸਤ ਗਰਮਾ ਗਈ ਹੈ। ਮਾਨ ਨੇ ਦਾਅਵਾ ਕੀਤਾ ਹੈ ਕਿ ਚੋਣਾਂ ਵਿੱਚ ਭਾਜਪਾ ਪਠਾਨਕੋਟ ਜ਼ਿਲ੍ਹੇ ਵਿੱਚ ਸਿਰਫ਼ 1-2 ਸੀਟਾਂ ਜਿੱਤੇਗੀ, ਕਾਂਗਰਸ ਨੂੰ ਵੱਧ ਤੋਂ ਵੱਧ 9 ਸੀਟਾਂ ਮਿਲਣਗੀਆਂ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਖਾਤਾ ਵੀ ਨਹੀਂ ਖੁੱਲ੍ਹੇਗਾ। ਮੁੱਖ ਮੰਤਰੀ ਨੇ ਇੱਕ ਨਿੱਜੀ ਮੀਡੀਆ ਹਾਊਸ ਨਾਲ ਇੰਟਰਵਿਊ ਦੌਰਾਨ ਇਹ ਗੱਲ ਲਿਖਤੀ ਰੂਪ ਵਿੱਚ ਕਹੀ। ਇਹ ਬਿਆਨ ਕਿਸੇ ਵਿਗਿਆਨਕ ਅੰਕੜਿਆਂ 'ਤੇ ਅਧਾਰਤ ਨਹੀਂ ਸੀ, ਬਲਕਿ ਮੰਗਲਵਾਰ ਨੂੰ ਹੋ ਰਹੀਆਂ ਨਗਰ ਨਿਗਮ ਅਤੇ ਸਥਾਨਕ ਚੋਣਾਂ ਮੌਕੇ ਆਮ ਆਦਮੀ ਪਾਰਟੀ ਦੇ ਪੱਖ ਵਿੱਚ ਮਾਹੌਲ ਬਣਾਉਣ ਦੀ ਇੱਕ ਕੋਸ਼ਿਸ਼ ਲੱਗਦਾ ਹੈ। ਹਾਲਾਂਕਿ ਭਗਵੰਤ ਮਾਨ ਨੇ ਆਪ ਦੇ 1,801 ਉਮੀਦਵਾਰਾਂ ਲਈ ਖੁਦ ਪ੍ਰਚਾਰ ਨਹੀਂ ਕੀਤਾ, ਪਰ ਉਨ੍ਹਾਂ ਦੀ ਮਾਤਾ ਨੇ ਕੁਝ ਉਮੀਦਵਾਰਾਂ ਲਈ ਚੋਣ ਪ੍ਰਚਾਰ ਜ਼ਰੂਰ ਕੀਤਾ ਸੀ। 'ਆਪ' ਨੂੰ ਪੰਜਾਬ ਦੀ ਇੱਕ ਮਾਤਰ ਮਜ਼ਬੂਤ ਸਿਆਸੀ ਤਾਕਤ ਵਜੋਂ ਪੇਸ਼ ਕਰਕੇ, ਮੁੱਖ ਮੰਤਰੀ ਨੇ ਆਪਣੇ ਪਾਰਟੀ ਵਰਕਰਾਂ ਦਾ ਹੌਸਲਾ ਵਧਾਇਆ ਹੈ। ਕਾਂਗਰਸ ਅਤੇ ਭਾਜਪਾ ਵਰਗੀਆਂ ਵਿਰੋਧੀ ਪਾਰਟੀਆਂ ਸ਼ਹਿਰੀ ਖੇਤਰਾਂ ਵਿੱਚ 'ਆਪ' ਨੂੰ ਸਖ਼ਤ ਟੱਕਰ ਦੇ ਰਹੀਆਂ ਹਨ। ਆਪਣੀ ਭਵਿੱਖਬਾਣੀ ਵਿੱਚ ਕਾਂਗਰਸ ਨੂੰ ਵਿਰੋਧੀਆਂ ਵਿੱਚੋਂ ਸਭ ਤੋਂ ਵੱਧ ਸੀਟਾਂ ਦੇ ਕੇ ਭਗਵੰਤ ਮਾਨ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਉਹ ਕਾਂਗਰਸ ਨੂੰ ਹੀ ਆਪਣਾ ਮੁੱਖ ਮੁਕਾਬਲੇਬਾਜ਼ ਮੰਨਦੇ ਹਨ, ਜਦ ਕਿ ਅਕਾਲੀ ਦਲ ਨੂੰ ਉਨ੍ਹਾਂ ਨੇ ਪੂਰੀ

• ਬਾਕੀ ਸਫਾ 2 'ਤੇ

## ਸਥਾਨਕ ਚੋਣਾਂ ਇੱਕਾ-ਦੁੱਕਾ ਘਟਨਾਵਾਂ ਦੌਰਾਨ ਸ਼ਾਂਤਮਈ ਮੁਕੰਮਲ



**ਜਲੰਧਰ (ਸੁਰਿੰਦਰ ਕੁਮਾਰ)**

ਪੰਜਾਬ ਵਿਚ ਅੱਠ ਨਗਰ ਨਿਗਮਾਂ, 75 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਲਈ ਇਕਾ-ਦੁੱਕਾ ਘਟਨਾਵਾਂ ਤੋਂ ਇਲਾਵਾ ਸ਼ਾਂਤਮਈ ਵੋਟਾਂ ਪਈਆਂ। ਵੋਟਾਂ ਪੈਣ ਦਾ ਅਮਲ ਸਵੇਰੇ ਅੱਠ ਵਜੇ ਸ਼ੁਰੂ ਹੋਇਆ ਤੇ ਸ਼ਾਮ ਪੰਜ ਵਜੇ ਤੱਕ 61.5 ਫੀਸਦੀ ਵੋਟਾਂ ਪਈਆਂ। ਨਤੀਜੇ 29 ਮਈ ਨੂੰ ਆਉਣਗੇ। ਦੁਪਹਿਰ 2 ਵਜੇ ਤੱਕ ਪੰਜਾਬ ਭਰ ਵਿੱਚ ਕੁੱਲ 45.60 ਫ਼ੀਸਦ ਵੋਟਿੰਗ ਦਰਜ ਕੀਤੀ ਗਈ। ਸਥਾਨਕ ਚੋਣਾਂ ਲਈ ਕੁੱਲ 7555 ਉਮੀਦਵਾਰ ਚੋਣ ਮੈਦਾਨ 'ਚ ਹਨ।

ਚੋਣਾਂ ਨੂੰ ਲੈ ਕੇ ਪੰਜਾਬ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਪੂਰਾ ਜ਼ੋਰ ਲਗਾਇਆ ਗਿਆ। ਇਹ ਚੋਣਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੋਣ ਜਾ ਰਹੀਆਂ ਹਨ, ਇਸ ਲਈ ਇਸ ਨੂੰ ਵਿਧਾਨ ਸਭਾ ਚੋਣਾਂ ਦਾ ਸੈਮੀਫਾਈਨਲ ਵੀ ਮੰਨਿਆ ਜਾ ਰਿਹਾ ਹੈ। ਪੰਜਾਬ ਵਿੱਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ, ਵਿਰੋਧੀ ਧਿਰ ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵੀ ਆਪਣੇ ਉਮੀਦਵਾਰਾਂ ਦੀ ਹਮਾਇਤ ਵਿੱਚ ਡਟੇ ਰਹੇ। ਸਮਾਣਾ ਵਿਚ ਪੁਲਸ ਤੇ ਇਕ ਉਮੀਦਵਾਰ ਦੇ ਸਮਰਥਕਾਂ ਦਰਮਿਆਨ ਧੱਕਾਮੁੱਕੀ ਹੋਈ ਤੇ ਪਥਰਾਅ ਹੋਇਆ। ਲੁਧਿਆਣਾ ਦੇ ਰਾਏਕੋਟ ਵਿਚ ਕਾਂਗਰਸੀ ਉਮੀਦਵਾਰ ਦੀ ਕੁੱਟਮਾਰ ਕੀਤੀ ਗਈ। ਇਸ ਤੋਂ ਇਲਾਵਾ ਖੰਨਾ, ਬਰਨਾਲਾ, ਸੰਗਰੂਰ ਵਿਚ ਵੀ ਤਕਰਾਰ ਦੀਆਂ ਖਬਰਾਂ ਹਨ।

## ਗੱਲਬਾਤ ਦਰਮਿਆਨ ਈਰਾਨ 'ਤੇ ਹਮਲੇ

**ਵਾਸ਼ਿੰਗਟਨ** : ਈਰਾਨ ਨਾਲ ਗੱਲਬਾਤ ਚੰਗੀ ਤਰ੍ਹਾਂ ਅੱਗੇ ਵਧਣ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਰਮਿਆਨ ਅਮਰੀਕੀ ਫੌਜ ਨੇ ਸੋਮਵਾਰ ਦੱਖਣੀ ਈਰਾਨ ਵਿੱਚ ਮਿਜ਼ਾਈਲ ਲਾਂਚ ਸਾਈਟਾਂ ਅਤੇ ਬਾਰੂਦੀ ਸੁਰੰਗਾਂ ਵਿਛਾਉਣ ਵਾਲੀਆਂ ਕਿਸ਼ਤੀਆਂ ਉੱਤੇ ਹਮਲੇ ਕੀਤੇ। ਅਮਰੀਕੀ ਫੌਜ ਦੇ ਸੈਂਟਰਲ ਕਮਾਂਡ ਦੇ ਬੁਲਾਰੇ ਕੈਪਟਨ ਟਿਮ ਹਾਕਿੰਸ ਨੇ ਕਿਹਾ ਕਿ ਇਹ ਹਮਲੇ ਆਪਣੀਆਂ ਫੌਜਾਂ ਨੂੰ ਈਰਾਨੀ ਫੌਜਾਂ ਵੱਲੋਂ ਪੈਦਾ ਕੀਤੇ ਗਏ ਖਤਰਿਆਂ ਤੋਂ ਬਚਾਉਣ ਲਈ ਕੀਤੇ ਗਏ। ਈਰਾਨੀ ਨਿਊਜ਼ ਵੈੱਬਸਾਈਟ ਤਬਨਕ, ਜਿਸ ਨੂੰ ਸਾਬਕਾ ਰੈਵੋਲਿਊਸ਼ਨਰੀ ਗਾਰਡ ਮੁਖੀ ਮੋਹਸੇਨ ਰਜ਼ਾਈ ਦੇ ਨੇੜੇ ਮੰਨਿਆ ਜਾਂਦਾ ਹੈ, ਨੇ ਚਾਰ ਮ੍ਰਿਤਕ ਗਾਰਡ ਸੈਨਿਕਾਂ ਦੀ ਪਛਾਣ ਕੀਤੀ ਹੈ, ਜੋ ਕਿ ਕਿਸ਼ਤੀਆਂ 'ਤੇ ਅਮਰੀਕੀ ਹਮਲਿਆਂ ਵਿੱਚ ਮਾਰੇ ਗਏ। ਈਰਾਨੀ ਸਰਕਾਰੀ ਟੈਲੀਵਿਜ਼ਨ ਨੇ ਵੱਖਰੇ ਤੌਰ 'ਤੇ ਬੰਦਰ ਅੱਬਾਸ ਦੇ ਆਲੇ-ਦੁਆਲੇ ਧਮਾਕਿਆਂ ਦੀ ਰਿਪੋਰਟ ਕੀਤੀ, ਜੋ ਕਿ ਹਾਰਮੁਜ਼ ਜਲਡਮਰੂ 'ਤੇ ਇੱਕ ਸ਼ਹਿਰ ਹੈ, ਜਿੱਥੇ ਇੱਕ ਫੌਜੀ ਬੰਦਰਗਾਹ ਅਤੇ ਦੋਹਰੀ ਵਰਤੋਂ ਵਾਲਾ ਹਵਾਈ ਅੱਡਾ ਹੈ। ਇਸੇ ਦੌਰਾਨ ਈਰਾਨ ਦੀ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਨੇ ਕਿਹਾ ਕਿ ਉਸ ਨੇ ਇੱਕ ਅਮਰੀਕੀ ਰੀਪਰ ਡਰੋਨ ਨੂੰ ਫੁੰਡਿਆ ਹੈ, ਜਿਹੜਾ ਉਸ ਦੇ ਹਵਾਈ ਖੇਤਰ ਵਿੱਚ ਦਾਖਲ ਹੋਇਆ ਸੀ।

## ਦਲਿਤ ਕਾਂਗਰਸੀ ਸਿਆਸਤ ਦੇ ਕੇਂਦਰ 'ਚ ਹੋਣਗੇ : ਰਾਹੁਲ



**ਨਵੀਂ ਦਿੱਲੀ (ਨ ਜ਼ ਸ)**

ਰਾਹੁਲ ਗਾਂਧੀ ਨੇ ਸੋਮਵਾਰ ਸਵੀਕਾਰ ਕੀਤਾ ਕਿ 1980 ਅਤੇ 1990 ਦੇ ਦਹਾਕੇ ਵਿੱਚ ਦਲਿਤ ਚਿੰਤਾਵਾਂ ਨੂੰ ਢੁਕਵੇਂ ਢੰਗ ਨਾਲ ਹੱਲ ਕਰਨ ਵਿੱਚ ਕਾਂਗਰਸ ਦੀ ਅਸਫਲਤਾ ਨੇ ਦਲਿਤ ਰਾਜਨੀਤੀ ਤੇ ਸਮਰਥਨ ਆਧਾਰਾਂ ਦੁਆਲੇ ਬਣੀਆਂ ਖੇਤਰੀ ਪਾਰਟੀਆਂ ਦੇ ਉਭਾਰ ਵਿੱਚ ਯੋਗਦਾਨ ਪਾਇਆ।

ਪਾਰਟੀ ਹੈੱਡਕੁਆਰਟਰ ਵਿਖੇ ਕਾਂਗਰਸ ਅਨੁਸੂਚਿਤ ਜਾਤੀਆਂ ਵਿਭਾਗ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਜੇ ਕਾਂਗਰਸ ਨੇ ਉਸ ਸਮੇਂ ਦੌਰਾਨ ਦਲਿਤ ਭਾਈਚਾਰਿਆਂ ਲਈ ਫੈਸਲਾਕੁੰਨ ਕਾਰਵਾਈ ਕੀਤੀ ਹੁੰਦੀ, ਤਾਂ ਸ਼ਾਇਦ ਜਾਤ-ਅਧਾਰਤ ਖੇਤਰੀ ਸੰਗਠਨ ਨਾ ਉਭਰਦੇ ਅਤੇ ਨਾ ਹੀ ਦਲਿਤ ਵੋਟਰ ਪਾਰਟੀ ਤੋਂ ਦੂਰ ਹੁੰਦੇ। ਅਹਿਮ ਰਾਜਾਂ ਵਿੱਚ ਹੋਣ ਵਾਲੀਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਇੱਕ ਮਹੱਤਵਪੂਰਨ ਸਿਆਸੀ ਸੰਕੇਤ ਵਜੋਂ ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਦਲਿਤ ਹੁਣ ਕਾਂਗਰਸ ਸੰਗਠਨ ਵਿੱਚ ਕੇਂਦਰੀ ਭੂਮਿਕਾ 'ਚ ਹੋਣਗੇ। ਮੀਟਿੰਗ ਵਿੱਚ ਮੌਜੂਦ ਸੂਤਰਾਂ ਅਨੁਸਾਰ ਰਾਹੁਲ ਗਾਂਧੀ ਨੇ ਦਲਿਤਾਂ ਨੂੰ ਸਿਆਸੀ ਤੌਰ 'ਤੇ ਇਕਜੁੱਟ ਕਰਨ ਅਤੇ ਭਾਈਚਾਰੇ ਅੰਦਰ ਆਤਮਵਿਸ਼ਵਾਸ ਪੈਦਾ ਕਰਨ ਲਈ ਕਾਂਸ਼ੀ ਰਾਮ ਦੀ ਪ੍ਰਸ਼ੰਸਾ ਵੀ ਕੀਤੀ। ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਦਲਿਤਾਂ ਦੇ ਅਧਿਕਾਰਾਂ ਨੂੰ ਕਮਜ਼ੋਰ ਕਰ ਕੇ ਖੇਤਰੀ ਪਾਰਟੀਆਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਦਲਿਤ ਭਾਈਚਾਰੇ ਵਿਰੁੱਧ ਅੱਤਿਆਚਾਰ ਵਧ ਰਹੇ ਹਨ। ਇਸ ਦੇ ਜਵਾਬ ਵਿੱਚ ਕਾਂਗਰਸ ਆਪਣੇ ਆਪ ਨੂੰ ਦਲਿਤ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਵਜੋਂ ਪੇਸ਼ ਕਰੇਗੀ ਅਤੇ ਬੀ ਆਰ ਅੰਬੇਡਕਰ ਦੇ ਦ੍ਰਿਸ਼ਟੀਕੋਣ ਨੂੰ ਪੂਰਾ ਕਰਨ ਲਈ ਕੰਮ ਕਰੇਗੀ।

ਪਿਛਲੇ ਸਾਲ ਰਾਹੁਲ ਨੇ ਜਨਤਕ ਤੌਰ 'ਤੇ ਮੰਨਿਆ ਸੀ ਕਿ ਕਾਂਗਰਸ ਹੋਰਨਾਂ ਪਛੜੀਆਂ ਸ਼੍ਰੇਣੀਆਂ (ਓ ਬੀ ਸੀ) ਦੇ ਹਿੱਤਾਂ ਦੀ ਢੁਕਵੀਂ ਪ੍ਰਤੀਨਿਧਤਾ ਕਰਨ ਵਿੱਚ ਅਸਫਲ ਰਹੀ ਹੈ ਅਤੇ ਪਾਰਟੀ ਦੀ ਪਿਛਲੀ ਪਹੁੰਚ 'ਤੇ ਅਫਸੋਸ ਵੀ ਪ੍ਰਗਟ ਕੀਤਾ ਸੀ। ਹਾਲ ਹੀ ਵਿੱਚ ਉਨ੍ਹਾ ਕਾਂਗਰਸ ਪਾਰਟੀ ਦੇ ਵਿਆਪਕ ਸਮਾਜਕ ਨਿਆਂ ਦੇ ਮੁੱਦੇ ਦੇ ਹਿੱਸੇ ਵਜੋਂ ਦੇਸ਼ਵਿਆਪੀ ਜਾਤੀ ਜਨਗਣਨਾ ਦੀ ਮੰਗ ਨੂੰ ਤੇਜ਼ ਕਰ ਦਿੱਤਾ ਹੈ। ਸਿਆਸੀ ਅਬਜ਼ਰਵਰਾਂ ਦਾ ਮੰਨਣਾ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਇਸ ਰਣਨੀਤੀ ਨਾਲ ਕਾਂਗਰਸ ਨੂੰ ਚੁਣਾਵੀ ਫਾਇਦਾ ਹੋਇਆ, ਖਾਸ ਕਰਕੇ ਦਲਿਤ ਅਤੇ ਪੱਛੜੇ ਵਰਗ ਦੇ ਵੋਟਰਾਂ ਵਿੱਚ। ਰਾਹੁਲ ਗਾਂਧੀ ਨੇ ਵਾਰ-ਵਾਰ ਸੰਵਿਧਾਨ ਦੀ ਇੱਕ ਕਾਪੀ ਹੱਥ ਵਿੱਚ ਲੈ ਕੇ ਚੋਣ ਪ੍ਰਚਾਰ ਕੀਤਾ, ਮੋਦੀ ਸਰਕਾਰ 'ਤੇ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਖਤਰੇ ਵਿੱਚ ਪਾਉਣ ਦਾ ਦੋਸ਼ ਲਗਾਇਆ—ਇੱਕ ਅਜਿਹਾ ਸੰਦੇਸ਼, ਜੋ ਹਾਸ਼ੀਏ 'ਤੇ ਧੱਕੇ ਗਏ

• ਬਾਕੀ ਸਫਾ 2 'ਤੇ

## ਵੱਖਰੇ ਫਲਸਤੀਨੀ ਰਾਜ ਦੀ ਕਾਇਮੀ ਤੋਂ ਬਿਨਾਂ ਇਜ਼ਰਾਈਲ ਨੂੰ ਮਾਨਤਾ ਨਹੀਂ : ਖਵਾਜਾ ਆਸਿਫ



**ਇਸਲਾਮਾਬਾਦ (ਨ ਜ਼ ਸ)**

ਪਾਕਿਸਤਾਨ ਨੇ ਇਜ਼ਰਾਈਲ ਨਾਲ ਦੋਸਤੀ ਕਰਨ ਜਾਂ ਉਸ ਨੂੰ ਇੱਕ ਰਾਜ ਵਜੋਂ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਕਿਹਾ ਕਿ ਪਾਕਿਸਤਾਨ ਆਪਣੀਆਂ ਬੁਨਿਆਦੀ ਵਿਚਾਰਧਾਰਾਵਾਂ ਨਾਲ ਸਮਝੌਤਾ ਨਹੀਂ ਕਰ ਸਕਦਾ। ਆਸਿਫ ਨੇ ਕਿਹਾ, 'ਅਸੀਂ ਉਨ੍ਹਾਂ ਲੋਕਾਂ ਨਾਲ ਕਿਵੇਂ ਬੈਠ ਸਕਦੇ ਹਾਂ, ਜਿਨ੍ਹਾਂ ਦੀਆਂ ਗੱਲਾਂ 'ਤੇ ਇੱਕ ਦਿਨ ਲਈ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ? ਪਾਕਿਸਤਾਨ ਸ਼ਾਇਦ ਦੁਨੀਆ ਦਾ ਇੱਕੋ ਇੱਕ ਦੇਸ਼ ਹੈ, ਜਿਸ ਦਾ ਪਾਸਪੋਰਟ ਕਹਿੰਦਾ ਹੈ ਕਿ ਇਹ ਇਜ਼ਰਾਈਲ ਲਈ ਜਾਇਜ਼ ਨਹੀਂ। ਇਸ ਨਾਲ ਪਾਕਿਸਤਾਨ ਦੀ ਸਥਿਤੀ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ਅਤੇ ਇਹ ਨਹੀਂ ਬਦਲੇਗੀ।'

ਦਰਅਸਲ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੁਸਲਮ ਦੇਸ਼ਾਂ ਨੂੰ ਇਜ਼ਰਾਈਲ ਨਾਲ ਸੰਬੰਧ ਸੁਧਾਰਨ ਅਤੇ ਅਬਰਾਹਮ ਸਮਝੌਤੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਪਾਕਿਸਤਾਨ ਨੂੰ ਇਹ ਵੀ ਕਿਹਾ ਗਿਆ ਸੀ ਕਿ ਜੇ ਉਹ ਅਮਰੀਕਾ-ਈਰਾਨ ਸ਼ਾਂਤੀ ਪ੍ਰਕਿਰਿਆ ਦਾ ਹਿੱਸਾ ਬਣਨਾ ਚਾਹੁੰਦਾ ਹੈ, ਤਾਂ ਉਸ ਨੂੰ ਇਜ਼ਰਾਈਲ ਨੂੰ ਮਾਨਤਾ ਦੇਣੀ ਪਵੇਗੀ। ਪਾਕਿਸਤਾਨ ਲਈ ਅਬਰਾਹਮ ਸਮਝੌਤੇ ਵਿੱਚ ਸ਼ਾਮਲ ਹੋਣਾ ਇੱਕ ਸੰਵੇਦਨਸ਼ੀਲ ਅਤੇ ਸਿਆਸੀ ਤੌਰ 'ਤੇ ਮੁਸ਼ਕਲ ਮੁੱਦਾ ਹੈ। ਪਾਕਿਸਤਾਨ ਲੰਮੇ ਸਮੇਂ ਤੋਂ ਆਪਣੇ-ਆਪ ਨੂੰ ਫਲਸਤੀਨ ਪੱਖੀ ਦੇਸ਼ ਵਜੋਂ ਪੇਸ਼ ਕਰਦਾ ਆ ਰਿਹਾ ਹੈ। ਫਲਸਤੀਨ ਮਸਲਾ ਭਾਵਨਾਤਮਕ ਅਤੇ ਧਾਰਮਕ ਤੌਰ 'ਤੇ ਇਸ ਦੇ ਲੋਕਾਂ ਵਿੱਚ ਡੂੰਘਾਈ ਨਾਲ ਜੁੜਿਆ ਹੋਇਆ ਹੈ। ਮਾਹਰਾਂ ਦਾ ਮੰਨਣਾ ਹੈ ਕਿ ਪਾਕਿਸਤਾਨ ਅਮਰੀਕਾ ਨਾਲ ਆਪਣੇ ਸੰਬੰਧਾਂ ਨੂੰ ਵਿਗਾੜਨਾ ਨਹੀਂ ਚਾਹੇਗਾ, ਪਰ ਉਹ ਆਪਣੀ ਘਰੇਲੂ ਸਿਆਸੀ ਸਥਿਤੀ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਪਾਕਿਸਤਾਨ ਨੇ ਪਿਛਲੇ 78 ਸਾਲਾਂ ਵਿੱਚ ਕਦੇ ਵੀ ਇਜ਼ਰਾਈਲ ਨੂੰ ਮਾਨਤਾ ਨਹੀਂ ਦਿੱਤੀ। ਉਸ ਦਾ ਅਧਿਕਾਰਤ ਰੁਖ ਰਿਹਾ ਹੈ ਕਿ ਉਹ ਇਜ਼ਰਾਈਲ ਨੂੰ ਉਦੋਂ ਤੱਕ ਮਾਨਤਾ ਨਹੀਂ ਦੇਵੇਗਾ, ਜਦੋਂ ਤੱਕ 1967 ਤੋਂ ਪਹਿਲਾਂ ਦੀਆਂ ਸਰਹੱਦਾਂ ਦੇ ਆਧਾਰ 'ਤੇ ਇੱਕ ਸੁਤੰਤਰ ਫਲਸਤੀਨੀ ਰਾਜ ਸਥਾਪਤ ਨਹੀਂ ਹੋ ਜਾਂਦਾ। ਇਸੇ ਕਾਰਨ ਕਰਕੇ ਇਜ਼ਰਾਈਲ ਨਾਲ ਸੰਬੰਧਾਂ ਨੂੰ ਆਮ ਬਣਾਉਣ ਦਾ ਮੁੱਦਾ ਹਮੇਸ਼ਾ ਪਾਕਿਸਤਾਨ ਦੀ ਘਰੇਲੂ ਸਿਆਸਤ ਨਾਲ ਜੁੜਿਆ ਰਿਹਾ ਹੈ। ਇਸ ਮੁੱਦੇ 'ਤੇ ਨਰਮ ਰੁਖ ਅਪਣਾਉਣਾ ਕਿਸੇ ਵੀ ਸਰਕਾਰ ਲਈ ਇੱਕ ਸਿਆਸੀ ਜੋਖਮ ਮੰਨਿਆ ਜਾਂਦਾ ਹੈ।

ਟਰੰਪ ਦੀ ਸਭ ਤੋਂ ਵੱਡੀ ਰਣਨੀਤਕ ਕੋਸ਼ਿਸ਼ ਈਰਾਨ ਯੁੱਧ ਖਤਮ ਹੋਣ ਤੋਂ ਬਾਅਦ ਪੱਛਮੀ ਏਸ਼ੀਆ ਵਿੱਚ ਇੱਕ ਨਵਾਂ ਅਮਰੀਕਾ ਪੱਖੀ ਗੱਠਜੋੜ ਬਣਾਉਣਾ ਹੈ, ਜਿਸ ਵਿੱਚ ਇਜ਼ਰਾਈਲ ਅਤੇ ਪ੍ਰਮੁੱਖ ਅਰਬ ਦੇਸ਼ ਇਕੱਠੇ ਹੋਣ। ਦਹਾਕਿਆਂ ਤੋਂ ਅਰਬ ਦੇਸ਼ਾਂ ਦੀ ਨੀਤੀ ਸੀ ਕਿ ਉਹ ਫਲਸਤੀਨੀ ਮੁੱਦੇ ਦੇ ਹੱਲ ਹੋਣ ਤੱਕ ਇਜ਼ਰਾਈਲ ਨੂੰ ਮਾਨਤਾ ਨਹੀਂ ਦੇਣਗੇ।

• ਬਾਕੀ ਸਫਾ 2 'ਤੇ

## ਬਤਾਲੀ ਲਾੜੇ ਲਾੜੀਆਂ ਨੂੰ ਉਡੀਕਦੇ ਰਹਿ ਗਏ!



**ਭੋਪਾਲ (ਨ ਜ਼ ਸ)** ਮੱਧ ਪ੍ਰਦੇਸ਼ ਦੇ ਬਤਾਲੀ ਲਾੜੇ ਚਮਕਦਾਰ ਸ਼ੇਰਵਾਨੀਆਂ ਤੇ ਗੇਂਦੇ ਦੇ ਹਾਰ ਪਾਈ ਸਮੂਹਕ ਵਿਆਹ ਲਈ ਇਕੱਠੇ ਹੋਏ, ਪਰ ਲਾੜੀ ਕੋਈ ਨਹੀਂ ਆਈ। ਐਤਵਾਰ ਦੇਵਾਸ ਵਿੱਚ ਜੋ ਕੁਝ ਵਾਪਰਿਆ, ਉਹ ਸਿਰਫ ਵਿੱਤੀ ਧੋਖਾਧੜੀ ਦਾ ਮਾਮਲਾ ਨਹੀਂ ਸੀ, ਸਗੋਂ ਦੇਵਾਸ ਅਤੇ ਗੁਆਂਢੀ ਜ਼ਿਲ੍ਹਿਆਂ ਦੇ ਪਿੰਡਾਂ ਤੇ ਛੋਟੇ ਕਸਬਿਆਂ ਤੋਂ ਆਏ ਦਰਜਨਾਂ ਮੁੰਡਿਆਂ ਲਈ ਜਨਤਕ ਅਪਮਾਨ ਸੀ। ਸ਼ਾਮ ਤੱਕ ਜਸ਼ਨ ਦਾ ਮੈਦਾਨ ਗੁੱਸੇ ਅਤੇ ਅਵਿਸ਼ਵਾਸ ਦੇ ਦ੍ਰਿਸ਼ ਵਿੱਚ ਬਦਲ ਗਿਆ, ਜਦੋਂ ਪਰਵਾਰਾਂ ਨੂੰ ਅਹਿਸਾਸ ਹੋਇਆ ਕਿ ਉਹ ਇੱਕ ਵੱਡੇ ਘੁਟਾਲੇ ਵਿੱਚ ਫਸ ਗਏ ਲੱਗਦੇ ਹਨ, ਜਿਸ ਵਿੱਚ ਕਥਿਤ ਤੌਰ 'ਤੇ ਇੰਦੌਰ ਸਥਿਤ ਇੱਕ ਅਨਾਥ ਆਸ਼ਰਮ ਤੋਂ ਲਾੜੀਆਂ ਦਾ ਵਾਅਦਾ ਕਰਕੇ ਲੱਖਾਂ ਰੁਪਏ ਇਕੱਠੇ ਕੀਤੇ ਗਏ ਸਨ। ਹਰੇਕ ਲਾੜੇ ਨੇ 15,000 ਤੋਂ 25,000 ਰੁਪਏ ਤੱਕ ਵਿਚੋਲਿਆਂ ਨੂੰ ਦਿੱਤੇ ਸਨ, ਜਿਨ੍ਹ ਦੇਵਾਸ ਵਿੱਚ ਸਮੂਹਕ ਵਿਆਹ ਸਮਾਰੋਹ ਦਾ ਆਯੋਜਨ ਕਰਨ ਦਾ ਵਾਅਦਾ ਕੀਤਾ ਸੀ। ਕੁਝ ਨੇ ਕਿਹਾ ਕਿ ਉਨ੍ਹਾਂ ਨੂੰ ਮੋਬਾਇਲ ਫੋਨਾਂ 'ਤੇ ਸੰਭਾਵੀ ਲਾੜੀਆਂ ਦੀਆਂ ਫੋਟੋਆਂ ਵੀ ਦਿਖਾਈਆਂ ਗਈਆਂ ਸਨ। ਇਹ ਭਰੋਸਾ ਦਿੱਤਾ ਗਿਆ ਸੀ ਕਿ ਕੁੜੀਆਂ ਗਰੀਬ ਜਾਂ ਅਨਾਥ ਪਿਛੋਕੜ ਵਾਲੀਆਂ ਹਨ ਅਤੇ ਤੁਰੰਤ ਵਿਆਹ ਕਰਨ ਲਈ ਤਿਆਰ ਹਨ। ਹਰਨਿਆਕਲਾਂ ਪਿੰਡ ਦੇ ਰਾਹੁਲ ਨੇ ਕਿਹਾ, 'ਸਾਥੋਂ ਰਜਿਸਟ੍ਰੇਸ਼ਨ ਫੀਸ ਵਜੋਂ 25,000 ਰੁਪਏ ਲਏ ਗਏ ਸਨ। ਸਾਨੂੰ ਦੱਸਿਆ ਗਿਆ ਸੀ ਕਿ ਲਾੜੀਆਂ ਇੰਦੌਰ ਦੇ ਮਾਤਰੀ ਛਾਇਆ ਆਸ਼ਰਮ ਤੋਂ ਹਨ। ਜਦੋਂ ਅਸੀਂ ਫੋਟੋਆਂ ਮੰਗੀਆਂ, ਤਾਂ ਪ੍ਰਬੰਧਕਾਂ ਨੇ ਸਾਨੂੰ ਸੋਸ਼ਲ ਮੀਡੀਆ ਤੋਂ ਡਾਊਨਲੋਡ ਕੀਤੀਆਂ ਮਾਡਲਾਂ ਦੀਆਂ ਤਸਵੀਰਾਂ ਭੇਜੀਆਂ। ਉਨ੍ਹਾਂ ਸਾਨੂੰ ਸਮਾਰੋਹ ਤੋਂ ਇੱਕ ਦਿਨ ਪਹਿਲਾਂ ਦੇਵਾਸ ਪਹੁੰਚਣ ਲਈ ਕਿਹਾ ਅਤੇ ਭਰੋਸਾ ਦਿੱਤਾ ਕਿ ਸਮੂਹਕ ਵਿਆਹ ਅਗਲੀ ਸਵੇਰ ਹੋਵੇਗਾ, ਪਰ ਜਦੋਂ ਅਸੀਂ ਸਮਾਗਮ ਵਾਲੀ ਥਾਂ 'ਤੇ ਪਹੁੰਚੇ, ਤਾਂ ਉੱਥੇ ਕੋਈ ਨਹੀਂ ਸੀ ਅਤੇ ਬਾਅਦ 'ਚ ਸਾਰੇ ਫੋਨ ਬੰਦ ਹੋ ਗਏ।'

ਅਸ਼ੋਕ ਨੇ ਕਿਹਾ, 'ਸਾਨੂੰ ਸਾਦੇ ਕੱਪੜਿਆਂ ਵਿੱਚ ਆਉਣ ਲਈ ਕਿਹਾ ਗਿਆ ਸੀ, ਕਿਉਂਕਿ ਲਾੜੇ ਦਾ ਪਹਿਰਾਵਾ ਅਤੇ ਵਿਆਹ ਦੀਆਂ ਰਸਮਾਂ ਦੀ ਸਮੱਗਰੀ ਉੱਥੇ ਹੀ ਮੁਹੱਈਆ ਹੋਵੇਗੀ। ਇਹ ਵੀ ਕਿਹਾ ਗਿਆ ਸੀ ਕਿ ਹਲਦੀ ਜਾਂ ਮਹਿੰਦੀ ਲਾ ਕੇ ਨਾ ਆਇਓ, ਕਿਉਂਕਿ ਸਾਰੀਆਂ ਰਸਮਾਂ ਸਮਾਗਮ ਵਾਲੀ ਥਾਂ 'ਤੇ ਹੀ ਹੋਣਗੀਆਂ।'

ਭੋਪਾਲ ਤੋਂ ਆਪਣੇ ਪਰਵਾਰ ਨਾਲ ਪੁੱਜੇ ਓਮ ਪ੍ਰਕਾਸ਼ ਨੇ ਕਿਹਾ ਕਿ ਉਨ੍ਹਾਂ ਮੋਬਾਇਲ 'ਤੇ ਭੇਜੀਆਂ ਫੋਟੋਆਂ ਵਿੱਚੋਂ ਲਾੜੀ ਦੀ ਚੋਣ ਕੀਤੀ ਸੀ। ਇੱਕ ਮੁੰਡੇ ਦੀ ਭੈਣ ਰਾਜ ਕੁਮਾਰੀ ਨੇ ਦੱਸਿਆ, 'ਸਾਡੇ ਪਹੁੰਚਣ ਤੋਂ ਬਾਅਦ ਪ੍ਰਬੰਧਕ ਸਾਨੂੰ ਦੱਸਦੇ ਰਹੇ ਕਿ ਮੈਡਮ ਲਾੜੀਆਂ ਨਾਲ ਰਸਤੇ ਵਿੱਚ ਹਨ, ਪਰ ਅੱਧੀ ਰਾਤ ਤੱਕ ਕੋਈ ਨਹੀਂ ਆਇਆ।' ਕਈ ਲਾੜੇ ਕਿਰਾਏ 'ਤੇ ਕਾਰਾਂ ਕਰਕੇ ਆਏ ਸਨ। ਕਈਆਂ ਨੇ ਰਿਸ਼ਤੇਦਾਰ ਵੀ ਸੱਦੇ ਹੋਏ ਸਨ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਮੁੱਖ ਮੁਲਜ਼ਮ ਮੁਕੇਸ਼ ਅਤੇ ਉਸ ਦੀ ਪਤਨੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮੁਲਜ਼ਮ ਵਿਦਿਸ਼ਾ ਜ਼ਿਲ੍ਹੇ ਦੇ ਰਹਿਣ ਵਾਲੇ ਹਨ, ਇਸ ਲਈ ਹੋਰ ਜਾਣਕਾਰੀ ਇਕੱਠੀ ਕਰਨ ਲਈ ਇੱਕ ਟੀਮ ਵੀ ਉੱਥੇ ਭੇਜੀ ਗਈ ਹੈ।

## ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵੱਲੋਂ 22 ਨੂੰ ਜ਼ਿਲ੍ਹਾ ਪੱਧਰ 'ਤੇ ਵਿਰੋਧ ਪ੍ਰਦਰਸ਼ਨ



**ਜਲੰਧਰ (ਰਾਜੇਸ਼ ਥਾਪਾ)**

'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਵੱਲੋਂ ਐਲਾਨ ਕੀਤਾ ਗਿਆ ਕਿ ਭਾਰਤ ਦੇ ਜਮਹੂਰੀ, ਧਰਮ ਨਿਰਪੱਖ, ਫੈਡਰਲ (ਸੰਘਾਤਮਕ) ਢਾਂਚੇ ਨੂੰ ਤੋੜ ਕੇ ਇੱਥੇ ਇਕ ਧਰਮ ਅਧਾਰਤ ਗੈਰ-ਲੋਕਰਾਜੀ, ਹਿੰਦੂਤਵੀ ਰਾਜਕੀ ਢਾਂਚਾ ਖੜ੍ਹਾ ਕਰਨ ਦੇ ਭਾਜਪਾ- ਆਰ ਐੱਸ ਐੱਸ ਦੇ ਘਾਤਕ ਮਨਸੂਬਿਆਂ ਖਿਲਾਫ ਅਤੇ ਹਰ ਖੇਤਰ ਵਿੱਚ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਤੇ ਦੇਸ਼ ਵਿਰੋਧੀ ਨੀਤੀਆਂ ਖਿਲਾਫ਼ ਲੋਕ ਚੇਤਨਾ ਨੂੰ ਤਿੱਖਾ ਕਰਨ ਲਈ ਆਉਣ ਵਾਲੀ 22 ਜੂਨ ਨੂੰ ਜਿਲ੍ਹਾ ਕੇਂਦਰਾਂ 'ਤੇ ਭਰਵੇਂ ਇਕੱਠ ਕਰਕੇ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।

ਅਜਮੇਰ ਸਿੰਘ ਸਮਰਾ ਦੀ ਪ੍ਰਧਾਨਗੀ ਹੇਠ ਜਲੰਧਰ ਵਿਖੇ ਹੋਈ ਫਰੰਟ ਦੀ ਸੂਬਾ ਪੱਧਰੀ ਮੀਟਿੰਗ ਤੋਂ ਬਾਅਦ ਜਾਰੀ ਬਿਆਨ ਵਿੱਚ ਦੱਸਿਆ ਗਿਆ ਕਿ ਇਨ੍ਹਾਂ ਜ਼ਿਲ੍ਹਾ ਪੱਧਰੀ ਐਕਸ਼ਨਾਂ ਦੀ ਸਫਲਤਾ ਯਕੀਨੀ ਬਣਾਉਣ ਲਈ ਜੂਨ ਦੇ ਪਹਿਲੇ ਹਫਤੇ ਵਿੱਚ ਫਰੰਟ ਦੀਆਂ ਜ਼ਿਲ੍ਹਾਵਾਰ ਸਾਂਝੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਤਿਆਰੀ ਦਾ ਜਾਇਜ਼ਾ ਲੈਣ ਲਈ 10 ਜੂਨ ਨੂੰ ਜਲੰਧਰ ਵਿਖੇ ਫਰੰਟ ਦੀ ਸੂਬਾਈ ਮੀਟਿੰਗ ਮੁੜ ਹੋਵੇਗੀ। ਮੀਟਿੰਗ ਨੇ ਨੋਟ ਕੀਤਾ ਹੈ ਕਿ ਅਮਰੀਕੀ ਸਾਮਰਾਜ ਨਾਲ ਯੁੱਧਨੀਤਕ ਸਾਂਝਾਂ ਪਾਉਣ ਅਤੇ ਅਮਰੀਕਾ ਤੇ ਇਜ਼ਰਾਇਲ ਵੱਲੋਂ ਈਰਾਨ ਖਿਲਾਫ ਵਿੱਢੀ ਨਿਹੱਕੀ ਜੰਗ 'ਚ ਹਮਲਾਵਰਾਂ ਦਾ ਸਾਥ ਦੇਣ ਰਾਹੀਂ ਮੋਦੀ ਸਰਕਾਰ ਵੱਲੋਂ ਸਾਮਰਾਜੀ ਤਾਕਤਾਂ ਸਾਹਵੇਂ ਪੂਰੀ ਤਰ੍ਹਾਂ ਗੋਡੇ ਟੇਕਣ ਦਾ ਖਮਿਆਜ਼ਾ ਅੱਜ ਪੂਰਾ ਦੇਸ਼ ਭੁਗਤ ਰਿਹਾ ਹੈ। ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਲੰਘਾ ਕੇ ਮੋਦੀ ਸਰਕਾਰ ਵੱਲੋਂ ਕਿਸ਼ਤਾਂ ਵਿੱਚ ਡੀਜ਼ਲ-ਪੈਟਰੋਲ ਤੇ ਰਸੋਈ ਗੈਸ ਦੀਆਂ ਕੀਮਤਾਂ ਲਗਾਤਾਰ ਵਧਾਈਆਂ ਜਾ ਰਹੀਆਂ ਹਨ, ਜਿਸ ਨਾਲ ਨਿੱਤ ਵਰਤੋਂ ਦੀਆਂ ਚੀਜਾਂ ਦੀ ਮਹਿੰਗਾਈ ਤੇਜ਼ੀ ਨਾਲ ਵਧ ਰਹੀ ਹੈ, ਬੇਰੁਜ਼ਗਾਰੀ ਹੱਦਾਂ ਪਾਰ ਕਰ ਰਹੀ ਹੈ, ਭਵਿੱਖ ਵਿੱਚ ਖਾਦ ਦੀ ਲੋੜੀਂਦੀ ਸਪਲਾਈ ਦੀ ਕੋਈ ਗਾਰੰਟੀ ਨਹੀਂ ਤੇ ਕਿਸਾਨਾਂ ਵਿੱਚ ਫਸਲਾਂ ਦੀ ਸਰਕਾਰੀ ਖਰੀਦ ਪ੍ਰਤੀ ਬੇਯਕੀਨੀ ਦਾ ਮਾਹੌਲ ਹੈ। ਵਧਦੀ ਮਹਿੰਗਾਈ ਦੇ ਅਨੁਪਾਤ ਵਿੱਚ ਉਜਰਤਾਂ ਵਿੱਚ ਵਾਧਾ ਨਾ ਕੀਤੇ ਜਾਣ ਅਤੇ ਕਿਰਤ ਕਾਨੂੰਨ ਖ਼ਤਮ ਕਰਕੇ ਮਾਲਕਾਂ ਵੱਲੋਂ ਵਰਕ ਲੋਡ ਵਿੱਚ ਕੀਤੇ ਜਾ ਰਹੇ ਮਨਮਾਨੇ ਵਾਧੇ ਤੋਂ ਪ੍ਰੇਸ਼ਾਨ ਉਦਯੋਗਿਕ ਮਜ਼ਦੂਰ ਵੱਡੇ ਪੈਮਾਨੇ 'ਤੇ ਹੜਤਾਲਾਂ ਕਰਨ ਜਾਂ ਕੰਮ ਛੱਡਣ ਲਈ ਮਜ਼ਬੂਰ ਹੋ ਰਹੇ ਹਨ।

ਬਿਆਨ ਵਿੱਚ ਕਿਹਾ ਗਿਆ ਕਿ ਮੋਦੀ ਸਰਕਾਰ ਸੰਵਿਧਾਨ ਸਮੇਤ ਸਾਰੀਆਂ ਸੰਵਿਧਾਨਕ ਸੰਸਥਾਵਾਂ ਨੂੰ ਆਪਣੀਆਂ ਕਠਪੁਤਲੀਆਂ ਵਿੱਚ ਬਦਲ ਰਹੀ ਹੈ ਅਤੇ ਦੇਸ਼ ਦੇ ਸੰਘਾਤਮਕ ਢਾਂਚੇ ਉਤੇ ਮਿੱਥ ਕੇ ਮਾਰੂ ਹਮਲੇ ਕਰ ਰਹੀ ਹੈ। ਲੋਕਾਂ ਦੇ ਇਨ੍ਹਾਂ ਦੁੱਖਾਂ, ਤਕਲੀਫਾਂ ਅਤੇ ਜਮਹੂਰੀ ਹੱਕਾਂ ਅਧਿਕਾਰਾਂ ਉਤੇ ਕੀਤੇ ਜਾ ਰਹੇ ਫਾਸ਼ੀਵਾਦੀ ਹਮਲਿਆਂ ਦੇ ਟਾਕਰੇ ਲਈ ਇਕ ਸ਼ਕਤੀਸ਼ਾਲੀ ਸਾਂਝੀ ਜਨਤਕ ਲਹਿਰ ਖੜ੍ਹੀ ਕਰਨਾ ਬੇਹੱਦ ਜ਼ਰੂਰੀ ਹੈ। ਅਜਿਹੀ ਜਨਤਕ ਲਹਿਰ ਖੜ੍ਹੀ ਕਰਕੇ ਹੀ ਭਾਜਪਾ ਵੱਲੋਂ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਲਈ ਵਰਤੇ ਜਾ ਰਹੇ ਸਾਮ-ਦਾਮ-ਦੰਡ-ਭੇਦ ਦੇ

• ਬਾਕੀ ਸਫਾ 2 'ਤੇ

ਨਵਾਂ ਜ਼ਮਾਨਾ

ਬੁੱਧਵਾਰ, 27 ਮਈ 2026

# ਬਕਰੀਦ ਤੋਂ ਪਹਿਲਾਂ ...

*ਮੁਸਲਮਾਨਾਂ ਦਾ ਕਿਹੜਾ ਤਿਉਹਾਰ ਆਉਣ ਵਾਲਾ ਹੈ, ਹੁਣ ਇਹ ਕਿਸੇ ਮੌਲਵੀ ਤੋਂ ਪੁੱਛਣ ਦੀ ਲੋੜ ਨਹੀਂ ਰਹੀ, ਸਿਰਫ ਹਿੰਦੂਤਵ ਸਮਰਥਕਾਂ ਦੇ ਬਿਆਨ ਸੁਣ ਕੇ ਜਾਂ ਪੜ੍ਹ ਕੇ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕੋਈ ਮੁਸਲਮ ਤਿਉਹਾਰ ਨੇੜੇ ਆ ਰਿਹਾ ਹੈ। ਬਕਰੀਦ ਤੋਂ ਪਹਿਲਾਂ ਪੱਛਮੀ ਬੰਗਾਲ ਦੇ ਮੰਤਰੀ ਦਿਲੀਪ ਘੋਸ਼ ਨੇ ਹਿੰਦੀ ਵਿੱਚ ਚੇਤਾਵਨੀ ਦਿੱਤੀ ਕਿ ਸਭ ਕੁਝ ਕਾਨੂੰਨ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਸੇ ਨੂੰ ਵੀ ਕਾਨੂੰਨ ਤੋੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਹ ਕਿਸ ਸੰਦਰਭ ਵਿੱਚ ਅਤੇ ਕਿਸ ਵੱਲ ਇਸ਼ਾਰਾ ਕਰ ਰਹੇ ਸਨ? ਹਰ ਕੋਈ ਜਾਣਦਾ ਹੈ ਕਿ ਉਹ ਈਦ ਤੋਂ ਪਹਿਲਾਂ ਮੁਸਲਮਾਨਾਂ ਨੂੰ ਚੇਤਾਵਨੀ ਦੇ ਰਹੇ ਸਨ। ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਪਹਿਲਾਂ ਹੀ ਧਮਕੀ ਦੇ ਚੁੱਕੇ ਸਨ ਕਿ ਕਿਸੇ ਨੂੰ ਵੀ ਸੜਕਾਂ 'ਤੇ ਨਮਾਜ਼ ਪੜ੍ਹਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਗਊ ਬਲੀ 'ਤੇ ਪਾਬੰਦੀ ਲਗਾਉਣ ਦਾ ਹੁਕਮ ਵੀ ਜਾਰੀ ਕੀਤਾ ਗਿਆ। ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਮੁਸਲਮਾਨਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਉਨ੍ਹਾਂ ਨੂੰ ਸੜਕਾਂ 'ਤੇ ਨਮਾਜ਼ ਪੜ੍ਹਨ ਦੀ ਇਜਾਜ਼ਤ ਨਹੀਂ ਦੇਣਗੇ। ਜੇ ਉਹ ਇਨਕਾਰ ਕਰਦੇ ਹਨ ਤਾਂ ਉਨ੍ਹਾਂ ਨੂੰ ਕਿਸੇ ਹੋਰ ਤਰੀਕੇ ਨਾਲ ਮਨਾਇਆ ਜਾਵੇਗਾ। ਸਾਰੇ ਜਾਣਦੇ ਹਨ ਕਿ ਦੂਜਾ ਤਰੀਕਾ ਕੀ ਹੈ।*

*ਇੱਕ ਟੀ ਵੀ ਚੈਨਲ ਨੇ ਮੱਕਾ ਜਾ ਕੇ ਪਤਾ ਲਾਇਆ ਕਿ ਉੱਥੇ ਗਊ ਤੇ ਊਠ ਦੀ ਬਲੀ ਨਹੀਂ ਦਿੱਤੀ ਜਾ ਰਹੀ। ਚੈਨਲ ਗਾਜ਼ਾ ਨਹੀਂ ਗਏ, ਜਿੱਥੇ ਬੱਚਿਆਂ ਨੂੰ ਮਾਰਿਆ ਜਾ ਰਿਹਾ ਸੀ, ਜਾਂ ਸੁਡਾਨ ਨਹੀਂ ਗਏ, ਜਿੱਥੇ ਕਤਲੇਆਮ ਚੱਲ ਰਿਹਾ ਹੈ, ਪਰ ਉਨ੍ਹਾਂ ਨੇ ਬਕਰੀਦ ਤੋਂ ਪਹਿਲਾਂ ਅਜਿਹੀ ਮਹੱਤਵਪੂਰਨ ਜਾਣਕਾਰੀ ਇਕੱਠੀ ਕਰਨ ਲਈ ਮੱਕਾ ਜਾਣ ਦੀ ਜ਼ਹਿਮਤ ਜ਼ਰੂਰ ਉਠਾਈ। ਪਸ਼ੂ ਭਲਾਈ ਸੰਸਥਾ ਪੇਟਾ ਨੇ ਇੱਕ ਮੁਹਿੰਮ ਸ਼ੁਰੂ ਕੀਤੀ, ਜਿਸ ਵਿੱਚ ਇੱਕ ਬੱਕਰਾ ਲੋਕਾਂ ਨੂੰ ਉਸ ਦੀ ਬਲੀ ਨਾ ਦੇਣ ਦੀ ਅਪੀਲ ਕਰਦਾ ਹੈ। ਬੱਚੇ ਰੁਕ-ਰੁਕ ਕੇ ਉਸ ਨੂੰ ਦੁਲਾਰ ਕੇ ਕਹਿ ਰਹੇ ਹਨ ਕਿ ਕੀ ਕੋਈ ਇੰਨਾ ਬੇਰਹਿਮ ਹੋਵੇਗਾ ਕਿ ਅਜਿਹੇ ਬੇਜ਼ੁਬਾਨ ਜੀਵ ਦੀ ਬਲੀ ਦੇਵੇ? ਇਹ ਮੁਹਿੰਮ ਬਕਰੀਦ ਤੋਂ ਠੀਕ ਪਹਿਲਾਂ ਸ਼ੁਰੂ ਕੀਤੀ ਗਈ। ਕੀ ਪੇਟਾ ਕਦੇ ਆਸਾਮ ਦੇ ਕਾਮਾਖਿਆ ਮੰਦਰ ਵਿੱਚ ਝੋਟਿਆਂ ਤੇ ਬੱਕਰਿਆਂ ਦੀ ਬਲੀ ਨੂੰ ਲੈ ਕੇ ਅਜਿਹੀ ਮੁਹਿੰਮ ਸ਼ੁਰੂ ਕਰ ਸਕਦੀ ਹੈ? ਇਸ ਨੇ ਅਜੇ ਤੱਕ ਅਜਿਹਾ ਨਹੀਂ ਕੀਤਾ। ਪੇਟਾ ਦੀ ਇਸ ਮੁਹਿੰਮ ਵਿੱਚ ਓਨੀ ਬੱਕਰਿਆਂ ਪ੍ਰਤੀ ਹਮਦਰਦੀ ਨਹੀਂ ਹੈ, ਜਿੰਨੀ ਮੁਸਲਮਾਨਾਂ ਪ੍ਰਤੀ ਨਫਰਤ ਹੈ। ਇਹ ਅਪ੍ਰਤੱਖ ਹੈ, ਪਰ ਇਸ ਨੂੰ ਸਮਝਣਾ ਮੁਸ਼ਕਲ ਨਹੀਂ ਹੈ।*

*ਉਂਜ ਤਾਂ ਮੁਸਲਮਾਨਾਂ 'ਤੇ ਹਮਲੇ ਸਾਲ-ਭਰ ਹੁੰਦੇ ਰਹਿੰਦੇ ਹਨ। ਗਲੀਆਂ 'ਚ, ਰੈਸਟੋਰੈਂਟਾਂ ਵਿੱਚ, ਰੇਲਗੱਡੀਆਂ ਜਾਂ ਬੱਸਾਂ ਵਿੱਚ, ਕਿਤੇ ਵੀ, ਕਿਸੇ ਵੀ ਸਮੇਂ, ਕਿਸੇ ਵੀ ਬਹਾਨੇ ਉਨ੍ਹਾਂ 'ਤੇ ਹਮਲਾ ਕੀਤਾ ਜਾ ਸਕਦਾ ਹੈ। ਪਰ ਬਕਰੀਦ ਤੋਂ ਪਹਿਲਾਂ ਮੁਸਲਮ ਵਿਰੋਧੀ ਨਫਰਤੀ ਮੁਹਿੰਮ ਵਿੱਚ ਖਾਸ ਉਤਸ਼ਾਹ ਆ ਜਾਂਦਾ ਹੈ। ਸਮੱਸਿਆ ਇਹ ਹੈ ਕਿ ਚੰਗੇ-ਭਲੇ ਹਿੰਦੂ ਵੀ ਇਸ ਮੁਸਲਮ ਵਿਰੋਧੀ ਨਫਰਤ ਨੂੰ ਸਮਝਣ ਵਿੱਚ ਅਸਫਲ ਰਹਿੰਦੇ ਹਨ। ਬਹੁਤ ਸਾਰੇ ਹਿੰਦੂ ਮਾਸੂਮੀਅਤ ਨਾਲ ਪੁੱਛਦੇ ਹਨ ਕਿ ਨਮਾਜ਼ ਸੜਕ 'ਤੇ ਕਿਉਂ ਅਦਾ ਕੀਤੀ ਜਾਣੀ ਚਾਹੀਦੀ ਹੈ? ਉਹ ਇਸ 'ਤੇ ਪਾਬੰਦੀ ਨੂੰ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਜਾਇਜ਼ ਸਮਝਦੇ ਹਨ। ਉਹ ਇਹ ਨਹੀਂ ਪੁੱਛਦੇ ਕਿ ਮੰਦਰਾਂ ਦੇ ਸਾਹਮਣੇ ਸੜਕਾਂ ਅਕਸਰ ਘੰਟਿਆਂਬੱਧੀ ਜਾਮ ਕਿਉਂ ਰਹਿੰਦੀਆਂ ਹਨ। ਹਰ ਹਿੰਦੂ ਤਿਉਹਾਰ ਵਿੱਚ ਸੜਕਾਂ ਨੂੰ ਰੋਕਣਾ ਅਤੇ ਉੱਥੇ ਮੂਰਤੀਆਂ ਰੱਖਣਾ ਸ਼ਾਮਲ ਹੁੰਦਾ ਹੈ। ਮਹੀਨਾ-ਭਰ ਚੱਲਣ ਵਾਲੀ ਕਾਂਵੜ ਯਾਤਰਾ ਨੂੰ ਭੁੱਲ ਜਾਓ, ਜੋ ਪੂਰੀਆਂ ਸੜਕਾਂ ਨੂੰ ਘੇਰਦੀ ਹੈ, ਅਤੇ ਉਹ ਵੀ ਅਧਿਕਾਰਤ ਤੌਰ 'ਤੇ?*

*ਕੀ ਤੁਸੀਂ ਕਦੇ ਹਿੰਦੂ ਮੁੱਖ ਮੰਤਰੀਆਂ ਨੂੰ ਹਿੰਦੂ ਤਿਉਹਾਰਾਂ ਦੌਰਾਨ ਅਜਿਹੀਆਂ ਅਪੀਲਾਂ ਕਰਦੇ ਸੁਣਿਆ ਹੈ ਕਿ ਪੂਜਾ ਸਿਰਫ ਮੰਦਰਾਂ ਵਿੱਚ ਹੀ ਕੀਤੀ ਜਾਣੀ ਚਾਹੀਦੀ ਹੈ, ਜੋ ਹਰ ਕੁਝ ਕਦਮਾਂ 'ਤੇ ਸਥਿਤ ਹਨ? ਕੀ ਕਦੇ ਹਿੰਦੂ ਤਿਉਹਾਰਾਂ ਦੌਰਾਨ ਅਜਿਹੀਆਂ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ, ਜਿਸ ਵਿੱਚ ਹਿੰਦੂਆਂ ਨੂੰ ਆਪਣੇ ਤਿਉਹਾਰ ਇਸ ਤਰੀਕੇ ਨਾਲ ਮਨਾਉਣ ਦੀ ਅਪੀਲ ਕੀਤੀ ਗਈ ਹੋਵੇ ਕਿ ਦੂਜਿਆਂ ਨੂੰ ਪ੍ਰੇਸ਼ਾਨੀ ਨਾ ਹੋਵੇ? ਮੁਸਲਮਾਨਾਂ ਨੂੰ ਆਪਣੇ ਤਿਉਹਾਰ ਸ਼ਾਂਤੀ ਨਾਲ ਨਾ ਮਨਾਉਣ ਦੇਣ ਵਿੱਚ ਕੀ ਖੁਸ਼ੀ ਮਿਲਦੀ ਹੈ ਅਤੇ ਕਿਉਂ? ਕੀ ਹਿੰਦੂ ਸਮਾਜ ਕਦੇ ਇਸ ਬਾਰੇ ਸੋਚੇਗਾ?*

# ਸਿਆਸਤ ਦੀ ਲਾਡਲੀ ਜਾਂ ਸਿਰਫ਼ ਵੋਟ ਬੈਂਕ



ਗੁਰਮੀਤ ਸਿੰਘ ਪਲਾਹੀ

ਔਰਤਾਂ ਨੂੰ ਅਸਲ ਤਾਕਤ ਅਤੇ ਆਤਮ-ਨਿਰਭਰਤਾ ਦੇਣ ਦੀ ਬਜਾਏ, ਉਨ੍ਹਾਂ ਨੂੰ ਵੱਖ-ਵੱਖ ਸਹਾਰਿਆਂ ਅਤੇ ਆਸਰਿਆਂ 'ਤੇ ਨਿਰਭਰ ਬਣਾਈ ਰੱਖਣ ਦੀ ਪ੍ਰਵਿਰਤੀ ਭਾਰਤ ਦੀਆਂ ਸਿਆਸੀ ਪਾਰਟੀਆਂ ਨੇ ਜਿਵੇਂ ਤਨੋਂ-ਮਨੋਂ ਅਪਣਾ ਲਈ ਹੈ। ਇਹ ਮਹਿਜ਼ ਇੱਕ ਸੰਜੋਗ ਹੀ ਨਹੀਂ ਕਿ ਜਦੋਂ ਵੀ ਚੋਣਾਂ ਦਾ ਮੌਸਮ ਆਉਂਦਾ ਹੈ, ਤਾਂ ਔਰਤਾਂ ਦੇ ਕਲਿਆਣ ਦੀਆਂ ਯੋਜਨਾਵਾਂ ਨੂੰ ਲੈ ਕੇ ਸਿਆਸੀ ਪਾਰਟੀਆਂ ਵਿੱਚ ਇੱਕ ਅਨੋਖੀ ਹੋੜ ਜਿਹੀ ਲੱਗ ਜਾਂਦੀ ਹੈ। ਹਰ ਕੋਈ ਔਰਤਾਂ ਨੂੰ ਵੱਖ-ਵੱਖ ਸਹੂਲਤਾਂ ਦਾ ਐਲਾਨ ਹੀ ਨਹੀਂ ਕਰ ਰਿਹਾ, ਸਗੋਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦਾ ਦਾਅਵਾ ਵੀ ਕਰ ਰਿਹਾ ਹੈ, ਤਾਂ ਜੋ ਉਨ੍ਹਾਂ ਦਾ ਅੱਧੀ ਆਬਾਦੀ ਵਾਲਾ ਵੋਟ ਬੈਂਕ ਪੂਰੀ ਤਰ੍ਹਾਂ ਪੱਕਾ ਹੋ ਸਕੇ।

ਭਾਜਪਾ ਹੋਵੇ ਜਾਂ ਕਾਂਗਰਸ, ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਹੋਵੇ ਜਾਂ ਆਮ ਆਦਮੀ ਪਾਰਟੀ -ਇਸ ਸਿਆਸੀ ਖੇਡ ਵਿੱਚ ਸਾਰੇ ਹੀ ਆਪਣੀ ਪੂਰੀ ਤਾਕਤ ਲਗਾ ਰਹੇ ਹਨ। ਚੋਣਾਂ ਤੋਂ ਠੀਕ ਪਹਿਲਾਂ ਜਾਂ ਬਾਅਦ ਵਿੱਚ ਇੱਕ ਨਿਸਚਿਤ ਨਗਦ ਰਾਸ਼ੀ ਸਿੱਧੀ ਔਰਤਾਂ ਦੇ ਬੈਂਕ ਖ਼ਾਤਿਆਂ ਵਿੱਚ ਟ੍ਰਾਂਸਫਰ ਕਰ ਦਿੱਤੀ ਜਾਂਦੀ ਹੈ ਅਤੇ ਸਰਕਾਰੀ ਬੱਸਾਂ ਵਿੱਚ ਯਾਤਰਾ ਉਨ੍ਹਾਂ ਲਈ ਪੂਰੀ ਤਰ੍ਹਾਂ ਮੁਫ਼ਤ ਹੋ ਜਾਂਦੀ ਹੈ। ਅਸਲ ਵਿੱਚ ਮੁਫ਼ਤ ਦੀਆਂ ਰਿਓੜੀਆਂ ਵੰਡਣ ਦੀ ਇਹ ਪ੍ਰਥਾ ਭਾਰਤੀ ਲੋਕਤੰਤਰ ਦਾ ਇੱਕ ਅਹਿਮ ਅਤੇ ਚਿੰਤਾਜਨਕ ਹਿੱਸਾ ਬਣ ਚੁੱਕੀ ਹੈ।

ਆਰਥਕ ਮਾਹਰਾਂ ਦਾ ਸਪੱਸ਼ਟ ਕਹਿਣਾ ਹੈ ਕਿ ਔਰਤਾਂ ਦੇ ਕਲਿਆਣ ਦੇ ਨਾਂਅ 'ਤੇ ਸ਼ੁਰੂ ਕੀਤੀ ਗਈ ਇਸ ਸਿਆਸੀ ਹੋੜ ਕਾਰਨ ਕਈ ਸੂਬੇ ਕਰਜ਼ੇ ਦੀ ਭਾਰੀ ਦਲਦਲ ਵਿੱਚ ਧਸਦੇ ਜਾ ਰਹੇ ਹਨ। ਵਿੱਤੀ ਅਨੁਸ਼ਾਸਨ, ਜੋ ਕਿਸੇ ਵੀ ਸੂਬੇ ਜਾਂ ਦੇਸ਼ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਰੀੜ੍ਹ ਦੀ ਹੱਡੀ ਵਾਂਗ ਹੁੰਦਾ ਹੈ, ਉਹ ਪੂਰੀ ਤਰ੍ਹਾਂ ਚਰਮਰਾ ਚੁੱਕਾ ਹੈ। ਹਾਲ ਹੀ ਵਿੱਚ ਹੋਏ ਕੁਝ ਆਰਥਿਕ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਔਰਤਾਂ ਨੂੰ 1,000 ਰੁਪਏ ਤੋਂ ਲੈ ਕੇ 2,500 ਰੁਪਏ ਤੱਕ ਮਹੀਨਾਵਾਰ ਦੇਣ ਵਾਲੀਆਂ ਇਨ੍ਹਾਂ ਸਕੀਮਾਂ ਨੇ ਸੂਬਿਆਂ ਦੇ ਵਿੱਤੀ ਖੇਤਰ ਵਿੱਚ ਇੱਕ ਤਰ੍ਹਾਂ ਦੀ ਸੁਨਾਮੀ ਲਿਆਂਦੀ ਹੈ। ਇਸ ਨਾਲ ਮੱਧ ਪ੍ਰਦੇਸ਼, ਪੰਜਾਬ, ਛੱਤੀਸਗੜ੍ਹ, ਮਹਾਰਾਸ਼ਟਰ, ਕਰਨਾਟਕ, ਤਾਮਿਲਨਾਡੂ, ਉੜੀਸਾ, ਪੱਛਮੀ ਬੰਗਾਲ, ਦਿੱਲੀ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਦਾ ਬਜਟ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਹੈ।

ਮੱਧ ਪ੍ਰਦੇਸ਼ ਦੀ ਬੇਹੱਦ ਚਰਚਿਤ 'ਲਾਡਲੀ ਬਹਿਨਾ ਯੋਜਨਾ' ਤਹਿਤ ਯੋਗ ਔਰਤਾਂ ਨੂੰ ਹਰ ਮਹੀਨੇ 1,000 ਰੁਪਏ (ਹੁਣ ਵਧਾਈ ਹੋਈ ਰਾਸ਼ੀ) ਦੇਣ ਨਾਲ ਸੂਬਾ ਸਰਕਾਰ 'ਤੇ ਸਾਲਾਨਾ ਲਗਭਗ 12,000 ਕਰੋੜ ਰੁਪਏ ਦਾ ਸਿੱਧਾ ਵਿੱਤੀ ਬੋਝ ਪੈ ਰਿਹਾ ਹੈ।

ਮਹਾਰਾਸ਼ਟਰ ਵਿੱਚ ਸ਼ੁਰੂ ਕੀਤੀ ਗਈ ਇਸੇ ਤਰ੍ਹਾਂ ਦੀ ਯੋਜਨਾ 'ਤੇ ਸੂਬੇ ਦੇ ਖ਼ਜ਼ਾਨੇ ਵਿੱਚੋਂ ਲਗਭਗ 46,000 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ, ਜਿਸ ਨਾਲ ਰਾਜ ਦੇ ਹੋਰ ਵਿਕਾਸ ਕਾਰਜ ਪ੍ਰਭਾਵਤ ਹੋ ਰਹੇ ਹਨ।

ਪੱਛਮੀ ਬੰਗਾਲ ਦੀ 'ਅੰਨਪੂਰਨਾ ਭੰਡਾਰ' ਯੋਜਨਾ ਲਈ 79,000 ਕਰੋੜ ਰੁਪਏ, ਬੇਰੁਜ਼ਗਾਰੀ ਭੱਤੇ ਲਈ 30,000 ਕਰੋੜ ਰੁਪਏ ਅਤੇ ਮਹਿੰਗਾਈ ਭੱਤੇ (ਡੀ ਏ) ਦੇ ਬਕਾਏ ਲਈ 62,000 ਕਰੋੜ ਰੁਪਏ ਦਾ ਪ੍ਰਬੰਧ ਹੈ। ਜੇਕਰ ਇਨ੍ਹਾਂ ਤਿੰਨਾਂ ਨੂੰ ਮਿਲਾ ਦਿੱਤਾ ਜਾਵੇ, ਤਾਂ ਇਹ ਰਾਸ਼ੀ 1,71,000 ਕਰੋੜ ਰੁਪਏ ਵਰਗੀ ਭਾਰੀ-ਭਰਕਮ ਰਕਮ ਬਣਦੀ ਹੈ।

ਸਵਾਲ ਇਹ ਉੱਠਦਾ ਹੈ ਕਿ ਕੀ ਇਹ ਰਿਆਇਤਾਂ ਅਤੇ ਮੁਫ਼ਤ ਯੋਜਨਾਵਾਂ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਸੂਬਿਆਂ ਵਿੱਚ ਇੱਕ ਗੰਭੀਰ ਵਿੱਤੀ ਐਮਰਜੈਂਸੀ ਵਰਗੀ ਸਥਿਤੀ ਪੈਦਾ ਨਹੀਂ ਕਰ ਦੇਣਗੀਆਂ? ਵੋਟਾਂ ਨੂੰ ਬਟੋਰਨ ਦੀ ਕਾਹਲ ਵਿੱਚ ਸੂਬਿਆਂ ਦੀ ਲੰਮੇ ਸਮੇਂ ਦੀ ਆਰਥਕ ਸਿਹਤ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਜਾ ਰਹੀ ਹੈ। ਸਿਆਸੀ ਲਾਭ ਲਈ ਬਣਾਈਆਂ ਗਈਆਂ ਇਹ ਯੋਜਨਾਵਾਂ ਸਮਾਜ ਅਤੇ ਸਰਕਾਰੀ ਤੰਤਰ ਵਿੱਚ ਇਸ ਕਦਰ ਆਪਣੀਆਂ ਜੜ੍ਹਾਂ ਜਮਾ ਲੈਂਦੀਆਂ ਹਨ ਕਿ ਬਾਅਦ ਵਿੱਚ ਕਿਸੇ ਵੀ ਸਰਕਾਰ ਲਈ ਇਨ੍ਹਾਂ ਨੂੰ ਵਾਪਸ ਲੈਣਾ ਜਾਂ ਬੰਦ ਕਰਨਾ ਸਿਆਸੀ ਤੌਰ 'ਤੇ ਲਗਭਗ ਅਸੰਭਵ ਹੋ ਜਾਂਦਾ ਹੈ।

ਭਾਰਤ ਦੀ ਮੌਜੂਦਾ ਰਾਜਨੀਤੀ ਵਿੱਚ ਔਰਤ ਇਸ ਕਰਕੇ 'ਲਾਡਲੀ' ਜਾਂ ਪਿਆਰੀ ਨਹੀਂ ਬਣੀ ਕਿ ਸਿਆਸਤਦਾਨਾਂ ਦੇ ਦਿਲਾਂ ਵਿੱਚ ਉਨ੍ਹਾਂ ਲਈ ਕੋਈ ਸੱਚਾ ਸਤਿਕਾਰ ਹੈ ਜਾਂ ਉਨ੍ਹਾਂ ਦੇ ਪੱਛੜੇਪਣ ਨੂੰ ਲੈ ਕੇ ਕੋਈ ਅਸਲ ਦਰਦ ਹੈ। ਇਸ ਦੇ ਪਿੱਛੇ ਦਾ ਸਿੱਧਾ ਅਤੇ ਕੜਵਾ ਸੱਚ ਇਹ ਹੈ ਕਿ ਪਾਰਟੀਆਂ ਨੂੰ ਚੋਣਾਂ ਜਿੱਤਣ ਲਈ ਔਰਤਾਂ ਦਾ ਇੱਕਮੁਸ਼ਤ ਅਤੇ ਵਫ਼ਾਦਾਰ ਵੋਟ ਬੈਂਕ ਚਾਹੀਦਾ ਹੈ।

ਭਾਰਤੀ ਜਨਤਾ ਪਾਰਟੀ ਨੇ ਪਿਛਲੇ ਪਾਰਲੀਮੈਂਟ ਸੈਸ਼ਨ ਵਿੱਚ ਮਹਿਲਾ ਕਾਰਡ ਖੇਡਦੇ ਹੋਏ ਇੱਕ ਵੱਡਾ ਦਾਅ ਚੱਲਿਆ। ਪਹਿਲਾਂ ਹੀ ਸਿਧਾਂਤਕ ਰੂਪ ਵਿੱਚ ਪਾਸ ਕੀਤੇ ਜਾ ਚੁੱਕੇ 33 ਫੀਸਦੀ ਮਹਿਲਾ ਰਾਖਵਾਂਕਰਨ ਐਕਟ 'ਤੇ ਕੁਝ ਤਕਨੀਕੀ ਸੋਧਾਂ ਦਾ ਬਹਾਨਾ ਬਣਾ ਕੇ ਪੱਛਮੀ ਬੰਗਾਲ, ਕੇਰਲ ਅਤੇ ਹੋਰ ਰਾਜਾਂ ਦੀਆਂ ਆਉਣ ਵਾਲੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਬਿੱਲ ਨੂੰ ਦੁਬਾਰਾ ਸੰਸਦ ਵਿੱਚ ਚਰਚਾ ਦੇ ਕੇਂਦਰ ਵਿੱਚ ਲਿਆਂਦਾ ਗਿਆ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਸਭ ਮਹਿਲਾ ਵੋਟਰਾਂ ਨੂੰ ਇਹ ਸੰਦੇਸ਼ ਦੇਣ ਲਈ ਕੀਤਾ ਗਿਆ ਕਿ ਸਿਰਫ਼ ਮੌਜੂਦਾ ਸਰਕਾਰ ਹੀ ਉਨ੍ਹਾਂ ਦੀ ਸੱਚੀ ਹਿਤੈਸ਼ੀ ਹੈ। ਕੀ ਇਹ ਨੀਤੀ ਇੱਕ ਸਿਆਸੀ ਵਿਅੰਗ ਵਰਗੀ ਨਹੀਂ ਲੱਗਦੀ?

ਜੇਕਰ ਅਸੀਂ ਇਤਿਹਾਸ ਵਿੱਚ ਜਾਈਏ ਕਿ ਔਰਤਾਂ ਅਚਾਨਕ ਰਾਜਨੀਤੀ ਦੀਆਂ ਏਨੀਆਂ ਲਾਡਲੀਆਂ ਕਦੋਂ ਤੋਂ ਬਣ ਗਈਆਂ, ਤਾਂ ਇਸ ਦਾ ਉੱਤਰ ਨਵੰਬਰ 2023 ਦੀਆਂ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿੱਚ ਮਿਲਦਾ ਹੈ। ਚੋਣਾਂ ਤੋਂ ਠੀਕ ਪਹਿਲਾਂ ਸੱਤਾ ਵਿਰੋਧੀ ਲਹਿਰ ਤੋਂ ਘਬਰਾਈ ਤਤਕਾਲੀ ਸ਼ਿਵਰਾਜ ਸਿੰਘ ਚੌਹਾਨ ਦੀ ਸਰਕਾਰ ਨੇ 'ਲਾਡਲੀ ਬਹਿਨਾ ਯੋਜਨਾ' ਦਾ ਦਾਅ ਖੇਡਿਆ। ਇਸ ਤਹਿਤ 21 ਤੋਂ 60 ਸਾਲ ਦੀਆਂ ਔਰਤਾਂ ਦੇ ਖਾਤੇ ਵਿੱਚ ਸਿੱਧੇ ਪੈਸੇ ਟ੍ਰਾਂਸਫਰ ਕੀਤੇ ਗਏ। ਨਤੀਜਾ ਇਹ ਹੋਇਆ ਕਿ ਤਮਾਮ ਅੰਦਾਜ਼ਿਆਂ ਨੂੰ ਦਰਕਿਨਾਰ ਕਰਦੇ ਹੋਏ ਭਾਜਪਾ ਨੇ 230 ਵਿੱਚੋਂ 163 ਸੀਟਾਂ ਜਿੱਤ ਕੇ ਹੂੰਝਾਫੇਰ ਬਹੁਮਤ ਹਾਸਲ ਕੀਤਾ। ਇਸ ਜਿੱਤ ਨੂੰ ਪੂਰੀ ਤਰ੍ਹਾਂ 'ਮਹਿਲਾ ਵੋਟਰਾਂ ਦਾ ਚਮਤਕਾਰ' ਮੰਨਿਆ ਗਿਆ।

ਇਸ ਸੰਬੰਧ ਵਿੱਚ ਭਾਰਤੀ ਸਟੇਟ ਬੈਂਕ ਦੀ ਇੱਕ ਰਿਸਰਚ ਰਿਪੋਰਟ ਬੇਹੱਦ ਚੌਂਕਾਉਣ ਵਾਲੇ ਤੱਥ ਸਾਹਮਣੇ ਲਿਆਉਂਦੀ ਹੈ। ਰਿਪੋਰਟ ਅਨੁਸਾਰ ਮੱਧ ਪ੍ਰਦੇਸ਼ ਦੇ ਜਿਨ੍ਹਾਂ ਜ਼ਿਲ੍ਹਿਆਂ ਵਿੱਚ 'ਲਾਡਲੀ ਬਹਿਨਾ ਯੋਜਨਾ' ਦੇ ਲਾਭਪਾਤਰੀਆਂ ਦੀ ਸੰਖਿਆ ਵਿੱਚ ਮਹਿਜ਼ 1 ਫੀਸਦੀ ਦਾ ਵਾਧਾ ਦੇਖਿਆ ਗਿਆ, ਉੱਥੇ ਸੱਤਾਧਾਰੀ ਦਲ ਦੇ ਵੋਟ ਸ਼ੇਅਰ ਅਤੇ ਸਫ਼ਲਤਾ ਦਰ ਵਿੱਚ 0.36 ਫੀਸਦੀ ਦਾ ਸਿੱਧਾ ਉਛਾਲ ਦਰਜ ਕੀਤਾ ਗਿਆ। ਇਸ ਯੋਜਨਾ ਨੇ ਔਰਤਾਂ ਨੂੰ ਨਾ ਸਿਰਫ਼ ਆਰਥਿਕ ਤੌਰ 'ਤੇ ਪ੍ਰਭਾਵਤ ਕੀਤਾ, ਸਗੋਂ ਉਨ੍ਹਾਂ ਨੂੰ ਆਪਣੇ ਘਰਾਂ ਤੋਂ ਬਾਹਰ ਨਿਕਲ ਕੇ ਭਾਰੀ ਗਿਣਤੀ ਵਿੱਚ ਪੋਲਿੰਗ ਬੂਥਾਂ ਤੱਕ ਜਾ ਕੇ ਇੱਕਤਰਫ਼ਾ ਵੋਟ ਪਾਉਣ ਲਈ ਵੀ ਪ੍ਰੇਰਿਤ ਕੀਤਾ।

ਇਸ 'ਲਾਡਲੀ ਸਿਆਸਤ' ਦੀ ਅਸਲੀ ਵਜ੍ਹਾ ਕੋਈ ਗੁਪਤ ਰਹੱਸ ਨਹੀਂ, ਸਗੋਂ ਇਹ ਮਹਿਲਾ ਵੋਟਰਾਂ ਦੇ ਤੇਜ਼ੀ ਨਾਲ ਬਦਲਦੇ ਅੰਕੜਿਆਂ ਨਾਲ ਜੁੜੀ ਹੋਈ ਹੈ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਰਤ ਦੇ ਇਤਿਹਾਸ ਵਿੱਚ ਰਿਕਾਰਡ 31.2 ਕਰੋੜ ਔਰਤਾਂ ਨੇ ਆਪਣੇ ਮਤਾਧਿਕਾਰ ਦਾ ਇਸਤੇਮਾਲ ਕੀਤਾ। ਦੇਸ਼ ਦੇ 36 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ 19 ਰਾਜਾਂ ਵਿੱਚ ਔਰਤਾਂ ਦਾ ਵੋਟਿੰਗ ਫ਼ੀਸਦੀ ਮਰਦਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸੀ। ਔਰਤਾਂ ਦੀ ਇਹ ਭਾਰੀ ਹਿੱਸੇਦਾਰੀ ਹੁਣ ਕਿਸੇ ਵੀ ਚੋਣ ਦਾ ਪਾਸਾ ਪਲਟਣ ਲਈ ਕਾਫ਼ੀ ਹੈ ਅਤੇ ਇਹੀ ਵਜ੍ਹਾ ਹੈ ਕਿ ਸਿਆਸੀ ਰਣਨੀਤੀਕਾਰ ਹੁਣ ਆਪਣਾ ਪੂਰਾ ਏਜੰਡਾ ਔਰਤਾਂ ਨੂੰ ਕੇਂਦਰ ਵਿੱਚ ਰੱਖ ਕੇ ਤਿਆਰ ਕਰਦੇ ਹਨ।

ਜੇਕਰ ਅਸੀਂ ਅਤੀਤ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਾਲ 1962 ਦੀਆਂ ਆਮ ਚੋਣਾਂ ਵਿੱਚ ਔਰਤਾਂ ਦਾ ਕੁੱਲ ਵੋਟਿੰਗ ਟਰਨਆਊਟ ਮਹਿਜ਼ 47 ਫੀਸਦੀ ਸੀ, ਜਦੋਂ ਕਿ ਮਰਦਾਂ ਦਾ 63 ਫੀਸਦੀ ਸੀ, ਯਾਨੀ ਦੋਵਾਂ ਵਿਚਕਾਰ 16 ਫੀਸਦੀ ਦਾ ਇੱਕ ਵੱਡਾ ਫ਼ਰਕ ਸੀ, ਪਰ ਸਾਲ 2019 ਦੀਆਂ ਚੋਣਾਂ ਵਿੱਚ ਪਹਿਲੀ ਵਾਰ ਇੱਕ ਨਵਾਂ ਇਤਿਹਾਸ ਬਣਿਆ, ਜਦੋਂ ਔਰਤਾਂ ਨੇ ਮਤਦਾਨ ਦੇ ਮਾਮਲੇ ਵਿੱਚ ਮਰਦਾਂ ਨੂੰ ਪਿੱਛੇ ਛੱਡ ਦਿੱਤਾ। ਸਾਲ 2024 ਵਿੱਚ ਇਹ ਅੰਤਰ ਹੋਰ ਵਧ ਗਿਆ ਅਤੇ ਦੇਸ਼ ਦੇ ਲਗਭਗ 137 ਲੋਕ ਸਭਾ ਖੇਤਰਾਂ ਵਿੱਚ ਔਰਤਾਂ ਨੇ ਮਰਦਾਂ ਦੀ ਤੁਲਨਾ ਵਿੱਚ ਬਹੁਤ ਜ਼ਿਆਦਾ ਮਤਦਾਨ ਕੀਤਾ।

ਅੰਤਰਰਾਸ਼ਟਰੀ ਥਿੰਕ ਟੈਂਕ 'ਕਾਰਨੇਗੀ ਐਂਡੋਮੈਂਟ ਫਾਰ ਇੰਟਰਨੈਸ਼ਨਲ ਪੀਸ' ਦੇ ਇੱਕ ਵਿਆਪਕ ਅਧਿਐਨ ਅਨੁਸਾਰ ਚੋਣਾਂ ਵਿੱਚ ਔਰਤਾਂ ਦੀ ਇਹ ਵਧਦੀ ਹੋਈ ਭਾਗੀਦਾਰੀ ਸਿੱਧੇ ਤੌਰ 'ਤੇ ਉਨ੍ਹਾਂ ਕਲਿਆਣਕਾਰੀ ਅਤੇ ਵਿੱਤੀ ਯੋਜਨਾਵਾਂ ਨਾਲ ਜੁੜੀ ਹੋਈ ਹੈ, ਜੋ ਸਿੱਧੇ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਤ ਕਰਦੀਆਂ ਹਨ, ਪਰ ਇੱਥੇ ਇੱਕ ਬੁਨਿਆਦੀ ਅਤੇ ਨੈਤਿਕ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਭਾਰਤੀ ਔਰਤਾਂ ਸੱਚਮੁੱਚ ਸਿਆਸੀ ਤੌਰ 'ਤੇ ਜਾਗਰੂਕ ਅਤੇ ਸੁਤੰਤਰ ਹੋ ਗਈਆਂ ਹਨ ਜਾਂ ਫਿਰ ਸਿਆਸਤਦਾਨਾਂ ਵੱਲੋਂ ਉਨ੍ਹਾਂ ਨੂੰ ਮੁਫ਼ਤ ਦੀਆਂ ਚੀਜ਼ਾਂ ਅਤੇ ਪੈਸਿਆਂ ਦਾ ਲਾਲਚ ਦੇ ਕੇ ਆਪਣੀ ਤਰਫ਼ ਖਿੱਚਿਆ ਜਾ ਰਿਹਾ ਹੈ?

ਹਾਲਾਂਕਿ, ਇੱਕ ਹੋਰ ਹਾਂ-ਪੱਖੀ ਪਹਿਲੂ ਇਹ ਵੀ ਹੈ ਕਿ ਸਾਲ 2014 ਅਤੇ 2019 ਦੇ ਵਿਚਕਾਰ ਕੀਤੇ ਗਏ ਕੁਝ ਸਰਵੇਖਣ ਦੱਸਦੇ ਹਨ ਕਿ ਲਗਭਗ 70 ਫੀਸਦੀ ਔਰਤਾਂ ਨੇ ਆਪਣੀ ਮਰਜ਼ੀ ਨਾਲ ਅਤੇ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਵੋਟ ਪਾਈ ਅਤੇ ਉਨ੍ਹਾਂ ਨੇ ਆਪਣੇ ਪਤੀ ਜਾਂ ਪਰਵਾਰ ਦੇ ਮਰਦਾਂ ਦੇ ਸਿਆਸੀ ਦਬਾਅ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। 2024 ਦੀਆਂ ਚੋਣਾਂ ਵਿੱਚ ਔਰਤਾਂ ਦੀ ਇਹ ਵੈਚਾਰਿਕ ਸੁਤੰਤਰਤਾ ਹੋਰ ਮਜ਼ਬੂਤ ਹੋ ਕੇ ਉਭਰੀ ਹੈ।

ਉਦਾਹਰਨ ਦੇ ਤੌਰ 'ਤੇ ਤਾਮਿਲਨਾਡੂ ਵਿੱਚ ਡੀ ਐੱਮ ਕੇ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਫ਼ਤ ਬੱਸ ਸੇਵਾ ਦੇ ਨਤੀਜੇ ਸਮਾਜਿਕ ਤੌਰ 'ਤੇ ਕਾਫ਼ੀ ਉਤਸ਼ਾਹਜਨਕ ਰਹੇ। ਇਸ ਨਾਲ ਕੰਮਕਾਜੀ ਅਤੇ ਗਰੀਬ ਔਰਤਾਂ ਦੀ ਗਤੀਸ਼ੀਲਤਾ ਵਧੀ ਅਤੇ ਉਹ ਕੰਮ ਦੇ ਸਿਲਸਿਲੇ ਵਿੱਚ ਬਾਹਰ ਨਿਕਲਣ ਲੱਗੀਆਂ, ਪਰ ਇਸ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਇਸ ਨਾਲ ਸੂਬਾ ਟ੍ਰਾਂਸਪੋਰਟ ਨਿਗਮ ਅਤੇ ਸਰਕਾਰੀ ਖ਼ਜ਼ਾਨੇ 'ਤੇ ਸਾਲਾਨਾ 1,500 ਕਰੋੜ ਰੁਪਏ ਦੀ ਸਬਸਿਡੀ ਦਾ ਭਾਰੀ ਵਿੱਤੀ ਬੋਝ ਆ ਪਿਆ। ਇਸੇ ਤਰਜ਼ 'ਤੇ ਜੂਨ 2023 ਵਿੱਚ ਕਰਨਾਟਕ ਅਤੇ ਤੇਲੰਗਾਨਾ ਦੀਆਂ ਸਰਕਾਰਾਂ ਨੇ ਵੀ ਇਸ ਯੋਜਨਾ ਨੂੰ ਲਾਗੂ ਕੀਤਾ, ਜਿਸ ਨਾਲ ਉਨ੍ਹਾਂ ਦਾ ਬਜਟ ਘਾਟਾ ਵਧ ਗਿਆ।

ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਹ ਮਹੀਨਾਵਾਰ ਭੱਤੇ ਅਤੇ ਮੁਫ਼ਤ ਯਾਤਰਾਵਾਂ ਗਰੀਬ ਔਰਤਾਂ ਨੂੰ ਤਤਕਾਲੀ ਰੂਪ ਵਿੱਚ ਇੱਕ ਵੱਡੀ ਆਰਥਿਕ ਰਾਹਤ ਦਿੰਦੀਆਂ ਹਨ, ਪਰ ਉਨ੍ਹਾਂ ਲੰਮੇ ਸਮੇਂ ਦੇ ਅਤੇ ਠੋਸ ਪ੍ਰੋਜੈਕਟਾਂ ਦਾ ਕੀ ਹੋਵੇਗਾ, ਜੋ ਔਰਤਾਂ ਦੇ ਸਥਾਈ ਸਸ਼ਕਤੀਕਰਨ ਅਤੇ ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣ ਲਈ ਬੇਹੱਦ ਜ਼ਰੂਰੀ ਹਨ? ਸਰਕਾਰਾਂ ਕੇਵਲ ਸ਼ਾਰਟ-ਟਰਮ (ਘੱਟ ਸਮੇਂ ਦੇ) ਫਾਇਦੇ ਦਿਖਾ ਕੇ ਅਤੇ ਵੋਟਰਾਂ ਨੂੰ ਪ੍ਰਭਾਵਿਤ ਕਰਕੇ ਸੱਤਾ ਦੀ ਕੁਰਸੀ ਹਥਿਆ ਰਹੀਆਂ ਹਨ।

ਔਰਤਾਂ ਨੂੰ ਬੱਸਾਂ ਵਿੱਚ ਸਿਰਫ਼ ਮੁਫ਼ਤ ਸਫ਼ਰ ਦਾ ਲਾਲਚ ਦੇਣ ਜਾਂ ਚੰਦ ਰੁਪਏ ਪ੍ਰਤੀ ਮਹੀਨਾ ਦੇਣ ਦੀ ਬਜਾਏ ਉਨ੍ਹਾਂ ਨੂੰ ਸਮਾਜ ਵਿੱਚ ਬਿਹਤਰ ਅਤੇ ਉੱਚ ਸਿੱਖਿਆ ਕਿਉਂ ਨਹੀਂ ਦਿੱਤੀ ਜਾਂਦੀ? ਉਨ੍ਹਾਂ ਨੂੰ ਹਰ ਖੇਤਰ ਵਿੱਚ ਰੁਜ਼ਗਾਰ ਦੇ ਬਰਾਬਰ ਅਵਸਰ, ਬਰਾਬਰ ਕੰਮ ਲਈ ਬਰਾਬਰ ਤਨਖ਼ਾਹ, ਸਖ਼ਤ ਕਾਨੂੰਨੀ ਸੁਰੱਖਿਆ, ਸੁਰੱਖਿਅਤ ਮਾਹੌਲ ਅਤੇ ਦੇਸ਼ ਦੀ ਮੁੱਖ ਧਾਰਾ ਦੀ ਰਾਜਨੀਤੀ ਵਿੱਚ ਬਰਾਬਰ ਦੀ ਟਿਕਟ ਅਤੇ ਹਿੱਸੇਦਾਰੀ ਕਿਉਂ ਨਹੀਂ ਦਿੱਤੀ ਜਾਂਦੀ?

ਅੱਜ ਦੇ ਸਿਆਸਤਦਾਨ ਔਰਤਾਂ ਨੂੰ ਕੇਵਲ ਇੱਕ 'ਲਾਭਪਾਤਰੀ' ਵਰਗ ਜਾਂ ਕੈਟਾਗਰੀ ਵਿੱਚ ਉਲਝਾ ਕੇ ਰੱਖ ਰਹੇ ਹਨ, ਜਿਸ ਨਾਲ ਉਹ ਦੇਸ਼ ਦੀ ਮੁੱਖ ਰਾਜਨੀਤੀ ਅਤੇ ਨੀਤੀ-ਨਿਰਧਾਰਨ ਦੀ ਪ੍ਰਕਿਰਿਆ ਤੋਂ ਦੂਰ ਰਹਿਣ। ਭਾਰਤੀ ਔਰਤਾਂ ਨੂੰ ਹੁਣ ਇਹ ਡੂੰਘਾਈ ਨਾਲ ਸਮਝਣਾ ਹੋਵੇਗਾ ਕਿ ਇਹ ਮੁਫ਼ਤ ਦੀਆਂ ਸਹੂਲਤਾਂ ਅਤੇ ਖ਼ੈਰਾਤਾਂ ਉਨ੍ਹਾਂ ਦੀ ਆਰਥਿਕ ਤੰਗੀ ਨੂੰ ਕੁਝ ਸਮੇਂ ਲਈ ਘੱਟ ਕਰਨ ਦਾ ਇੱਕ ਜ਼ਰੀਆ ਤਾਂ ਹੋ ਸਕਦੀਆਂ ਹਨ, ਪਰ ਇਹ ਉਨ੍ਹਾਂ ਦੀ ਪ੍ਰਗਤੀ ਦੀ ਅਸਲੀ ਮੰਜ਼ਲ ਜਾਂ ਵਾਸਤਵਿਕ ਸਸ਼ਕਤੀਕਰਨ ਕਦਾਚਿਤ ਨਹੀਂ। ਸੱਚੀ ਆਜ਼ਾਦੀ ਅਤੇ ਬਰਾਬਰੀ ਮੁਫ਼ਤ ਦੇ ਭੱਤਿਆਂ ਤੋਂ ਨਹੀਂ, ਬਲਕਿ ਸਿੱਖਿਆ, ਅਧਿਕਾਰ ਅਤੇ ਆਤਮ-ਨਿਰਭਰਤਾ ਨਾਲ ਹੀ ਹਾਸਲ ਕੀਤੀ ਜਾ ਸਕਦੀ ਹੈ।

**# ਸੰਪਰਕ : 98158-02070**

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਕਾਮਰੇਡ ਰੂੜਾ ਰਾਮ ਜਿਉਣ ਦੇ ਕਮਿਊਨਿਸਟ ਅੰਦਾਜ਼ 'ਤੇ ਹਮੇਸ਼ਾ ਕਾਇਮ ਰਹੇ

ਗਿਆਨ ਸੈਦਪੁਰੀ



23 ਮਾਰਚ 2026 ਨੂੰ ਜ਼ਿਲ੍ਹਾ ਜਲੰਧਰ ਦੀ ਸਰਵ ਭਾਰਤ ਨੌਜਵਾਨ ਸਭਾ ਨੇ ਮੋਟਰਸਾਈਕਲ ਮਾਰਚ ਕਰਨ ਦਾ ਪ੍ਰੋਗਰਾਮ ਬਣਾਇਆ। ਇਹ ਮਾਰਚ ਮਹਿਤਪੁਰ ਤੋਂ ਮੰਡਿਆਲਾ, ਆਦਰਾਮਾਨ, ਰਾਮੂਵਾਲ, ਬਾਲੋਕੀ, ਬਾਗੀਵਾਲ ਤੇ ਹੋਰ ਕਈ ਪਿੰਡਾਂ ਵਿੱਚੋਂ ਦੀ ਹੁੰਦਾ ਹੋਇਆ ਪਰਜੀਆਂ ਕਲਾਂ ਆ ਕੇ ਸਮਾਪਤ ਹੋਣਾ ਸੀ। ਇਹ ਪਿੰਡ ਕਾਮਰੇਡ ਰੂੜਾ ਰਾਮ ਦਾ ਹੈ। ਮਾਰਚ ਬਾਰੇ ਉਹਨਾਂ ਨੂੰ ਦੱਸਿਆ ਹੋਇਆ ਸੀ। ਕਈ ਸਾਲਾਂ ਤੋਂ ਉਨ੍ਹਾਂ ਦੀ ਸਿਹਤ ਨਾ- ਸਾਜ਼ ਚੱਲ ਰਹੀ ਸੀ। ਉਹ ਕਾਫੀ ਕਮਜ਼ੋਰ ਹੋ ਚੁੱਕੇ ਸਨ। ਉਮਰ ਦਾ ਤਕਾਜ਼ਾ ਵੀ ਸੀ। ਜਦੋਂ ਇਨਕਲਾਬ ਜ਼ਿੰਦਾਬਾਦ ਸਾਮਰਾਜਵਾਦ ਮੁਰਦਾਬਾਦ ...ਦੇ ਨਾਅਰੇ ਲਾਉਂਦਾ ਕਾਫਲਾ ਕਾਮਰੇਡ ਰੂੜਾ ਰਾਮ ਦੇ ਘਰ ਅੱਗੇ ਰੁਕਿਆ ਤਾਂ ਉਹਨਾਂ ਦਾ ਸਵਾਗਤੀ ਅੰਦਾਜ਼ ਇੰਜ ਲੱਗਾ, ਜਿਵੇਂ ਉਹਨਾਂ ਅੰਦਰ ਲੋਹੜੇ ਦੀ ਤਾਕਤ ਆ ਗਈ ਹੋਵੇ। ਉਨ੍ਹਾਂ ਨੇ ਕਾਫਲੇ ਲਈ ਚਾਹ-ਪਾਣੀ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ। ਕਾਮਰੇਡ ਰੂੜਾ ਰਾਮ ਨੇ ਆਪਣੀ ਸੰਖੇਪ ਸਵਾਗਤੀ ਤਕਰੀਰ ਵਿੱਚ ਨੌਜਵਾਨਾਂ ਨੂੰ ਉਤਸ਼ਾਹਤ ਵੀ ਕੀਤਾ, ਉਹਨਾਂ ਨਾਲ ਆਪਣੇ ਤਜਰਬੇ ਵੀ ਸਾਂਝੇ ਕੀਤੇ ਤੇ ਸਰਪ੍ਰਸਤੀ ਲਈ ਵਾਅਦਾ ਵੀ।

ਇਸ ਕੀਤੇ ਵਾਅਦੇ ਨੂੰ ਅਜੇ ਤਿੰਨ ਮਹੀਨੇ ਵੀ ਨਹੀਂ ਸਨ ਗੁਜ਼ਰੇ ਕਿ ਲੰਘੀ 18 ਮਈ ਨੂੰ ਉਹਨਾਂ ਦੇ ਸਦਾ ਲਈ ਅੱਖਾਂ ਮੀਟ ਜਾਣ ਦੀ ਖ਼ਬਰ ਆ ਗਈ।

ਕਾਮਰੇਡ ਰੂੜਾ ਰਾਮ ਪਰਜੀਆਂ ਸੰਘਰਸ਼, ਸਿਰੜ ਤੇ ਥੁੜਾਂ ਮਾਰੇ ਲੋਕਾਂ ਨੂੰ ਸਮਰਪਣ ਦੀ ਕਹਾਣੀ ਦੇ ਮੁੱਖ ਪਾਤਰ ਸਨ। ਉਹ 1948 ਸੰਨ ਵਿੱਚ ਪਿਤਾ ਘਣੱਈਆ ਰਾਮ ਦੇ ਘਰ ਮਾਤਾ ਭੋਲੀ ਦੀ ਕੁੱਖੋਂ ਪਿੰਡ ਪਰਜੀਆਂ ਕਲਾਂ (ਸ਼ਾਹਕੋਟ) ਵਿੱਚ ਪੈਦਾ ਹੋਏ। ਤੰਗੀਆਂ ਤੁਰਸ਼ੀਆਂ ਵਾਲੇ ਪਰਵਾਰ ਵਿੱਚ ਜ਼ਿੰਦਗੀ ਜਿਉਣ ਲਈ ਜੱਦੋ- ਜਹਿਦ ਤਾਂ ਬਚਪਨ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਰੂੜਾ ਰਾਮ ਦਾ ਬਚਪਨ ਵੀ ਕੋਈ ਵੱਖਰਾ ਨਹੀਂ ਸੀ। ਉਂਜ ਉਹ ਬਚਪਨ ਤੋਂ ਹੀ ਤੇਜ਼ ਬੁੱਧੀ ਦੇ ਮਾਲਕ ਸਨ, ਉਦਮੀ ਸਨ। ਪਾਕਿਸਤਾਨੀ ਸ਼ਾਇਰ ਬਾਬਾ ਨਜ਼ਮੀ ਨੇ ਸ਼ਾਇਦ ਕਾਮਰੇਡ ਰੂੜਾ ਰਾਮ ਵਰਗੇ ਬੰਦਿਆਂ ਬਾਰੇ ਹੀ ਲਿਖਿਆ ਹੈ, 'ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ, ਉੱਗਣ ਵਾਲੇ ਉੱਗ ਪੈਂਦੇ ਨੇ ਪਾੜ ਕੇ ਸੀਨਾ ਪੱਥਰਾਂ ਦਾ। ਮੰਜ਼ਲ ਦੇ ਮੱਥੇ ਦੇ 'ਤੇ ਤਖ਼ਤੀ ਲੱਗਦੀ ਉਹਨਾਂ ਦੀ, ਜਿਹੜੇ ਘਰੋਂ ਬਣਾ ਕੇ ਤੁਰਦੇ ਨਕਸ਼ੇ ਆਪਣੇ ਸਫਰਾਂ ਦਾ...।'ਰੂੜਾ ਰਾਮ ਨੇ ਮੁਕੱਦਰਾਂ ਦਾ ਸ਼ਿਕਵਾ ਨਹੀਂ ਕੀਤਾ, ਸਗੋਂ ਹਿੰਮਤ ਕੀਤੀ। ਉਹਨਾਂ ਨੇ ਨੇੜਲੇ ਪਿੰਡ ਨੰਗਲ ਅੰਬੀਆਂ ਤੋਂ ਪਹਿਲੇ ਦਰਜੇ ਵਿੱਚ ਹਾਇਰ ਸੈਕੰਡਰੀ ਪਾਸ ਕੀਤੀ। ਉਹ ਸਕੂਲ ਦੇ ਸਭ ਤੋਂ ਹੁਸ਼ਿਆਰ ਵਿਦਿਆਰਥੀਆਂ ਵਿੱਚ ਸ਼ਾਮਲ ਸਨ। ਇਹ ਸੱਠਵਿਆਂ-ਸੱਤਰਵਿਆਂ ਦੀਆਂ ਗੱਲਾਂ ਹਨ। ਉਹ ਉਸ ਵੇਲੇ ਚੰਗੀ ਨੌਕਰੀ ਪ੍ਰਾਪਤ ਕਰ ਸਕਦੇ ਸਨ। ਜ਼ਿੰਦਗੀ ਦਾ ਇੱਕ ਪੜਾਅ ਅਜਿਹਾ ਹੁੰਦਾ ਹੈ ਕਿ ਫੈਸਲਾ ਕਰਨਾ ਹੁੰਦਾ ਹੈ ਕਿ ਨਿੱਜ ਲਈ ਜਿਉਣਾ ਹੈ ਜਾਂ ਦੂਸਰਿਆਂ ਲਈ ਕੁਝ ਬਿਹਤਰ ਕਰਨ ਵਾਲਾ ਰਾਹ ਅਖਤਿਆਰ ਕਰਨਾ ਹੈ। ਰੂੜਾ ਰਾਮ ਨੇ ਦੂਜਾ ਰਾਹ ਚੁਣਿਆ, ਉਹ ਲਾਲ ਝੰਡੇ ਵਾਲਿਆਂ ਦੇ ਕਾਫਲੇ ਦੇ ਪਾਂਧੀ ਬਣ ਗਏ।

ਕਾਮਰੇਡ ਰੂੜਾ ਰਾਮ ਕਾਫੀ ਲੰਬਾ ਸਮਾਂ ਸੀ ਪੀ ਆਈ (ਐੱਮ) ਦਾ ਹਿੱਸਾ ਰਹੇ। ਉਸ ਵੇਲੇ ਮੰਡ ਖੇਤਰ ਵਿੱਚ ਆਬਾਦਕਾਰਾਂ ਦਾ ਵੱਡਾ ਮੋਰਚਾ ਲੱਗਾ ਸੀ। ਆਬਾਦਕਾਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਲਈ ਕਮਿਊਨਿਸਟਾਂ ਨੇ ਲਹੂ ਵੀਟਵਾਂ ਸੰਘਰਸ਼ ਕੀਤਾ ਸੀ। ਇਸੇ ਖੇਤਰ ਵਿੱਚ ਸਰਕਾਰ ਵੱਲੋਂ 10 ਹਜ਼ਾਰ ਏਕੜ ਜ਼ਮੀਨ ਵਿੱਚ ਸਰਕਾਰੀ ਸੀਡ ਫਾਰਮ ਬਣਾਉਣ ਦੀ ਸਕੀਮ ਸੀ। ਇਹ ਸੀਡ ਫਾਰਮ ਕਮਿਊਨਿਸਟਾਂ ਦੀਆਂ ਕੁਰਬਾਨੀਆਂ ਵੱਟੇ ਖਾਤੇ 'ਤੇ ਨਜ਼ਰ-ਅੰਦਾਜ਼ ਕਰਕੇ ਬਣਾਇਆ ਜਾਣਾ ਸੀ। ਜਦੋਂ ਸੀਡ ਫਾਰਮ ਦੀ ਉਸਾਰੀ ਦੇ ਕੰਮ ਲਈ ਟਰੈਕਟਰ ਚੱਲੇ ਤਾਂ ਸੈਂਕੜੇ ਕਾਮਰੇਡ ਟਰੈਕਟਰਾਂ ਦੇ ਮੂਹਰੇ ਲੰਮੇ ਪੈ ਗਏ ਸਨ। ਟਰੈਕਟਰ ਰੋਕਣੇ ਪੈ ਗਏ ਤੇ ਸੀਡ ਫਾਰਮ ਨਾ ਬਣ ਸਕਿਆ। ਮਸ਼ੀਨਰੀ ਗਲ-ਸੜ ਗਈ। ਆਬਾਦਕਾਰਾਂ ਦਾ ਇਹ ਮਾਣਮੱਤਾ ਇਤਿਹਾਸ ਬਣ ਗਿਆ। ਇਸ ਇਤਿਹਾਸ ਨੂੰ ਸਿਰਜਣ ਵਾਲੇ ਯੋਧਿਆਂ ਵਿੱਚ ਰੂੜਾ ਰਾਮ ਵੀ ਸ਼ਾਮਲ ਸੀ। ਇਸ ਸੰਬੰਧ ਵਿੱਚ ਕਾਮਰੇਡ ਲਹਿੰਬਰ ਸਿੰਘ ਤੱਗੜ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਆਬਾਦਕਾਰਾਂ ਦੇ ਮੋਰਚੇ ਵਿੱਚ ਕਾਮਰੇਡ ਰੂੜਾ ਰਾਮ ਦੇ ਪਰਵਾਰ ਦੀਆਂ ਤਿੰਨ ਔਰਤਾਂ ਵੀ ਸ਼ਾਮਲ ਹੋਈਆਂ ਸਨ।

ਸਮਾਂ ਪਾ ਕੇ ਕਾਮਰੇਡ ਰੂੜਾ ਰਾਮ ਪਰਜੀਆਂ ਸੀ ਪੀ ਆਈ ਵਿੱਚ ਸ਼ਾਮਲ ਹੋ ਗਏ ਸਨ। ਲੋਕਾਂ ਦੀ ਬਿਹਤਰੀ ਲਈ ਉਨ੍ਹਾਂ ਵੱਲੋਂ ਵਿੱਢਿਆ ਸੰਘਰਸ਼ ਜਾਰੀ ਰਿਹਾ। ਇੱਥੇ ਉਹਨਾਂ ਨੇ ਕਈ ਅਹੁਦਿਆਂ 'ਤੇ ਕੰਮ ਕੀਤਾ। ਸੀ ਪੀ ਆਈ ਨਾਲ ਸੰਬੰਧਤ ਪੰਜਾਬ ਖੇਤ ਮਜ਼ਦੂਰ ਸਭਾ ਦੇ ਉਹ ਮੀਤ ਪ੍ਰਧਾਨ ਰਹੇ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਕੌਮੀ ਕੌਂਸਲ ਦਾ ਵੀ ਹਿੱਸਾ ਰਹੇ।

ਕਾਮਰੇਡ ਰੂੜਾ ਰਾਮ ਪਿੰਡ ਪਰਜੀਆਂ ਕਲਾਂ ਦੇ ਸਰਪੰਚ ਵੀ ਰਹੇ। ਇੱਕ ਵਾਰ ਉਹ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਵੀ ਬਣੇ। ਹਰ ਥਾਂ ਉਹਨਾਂ ਨੇ ਜਿਉਣ ਦਾ ਕਮਿਊਨਿਸਟ ਅੰਦਾਜ਼ ਕਾਇਮ ਰੱਖਿਆ।

ਇਹਨਾਂ ਸਤਰਾਂ ਦੇ ਲੇਖਕ 'ਤੇ ਵੀ ਕਾਮਰੇਡ ਰੂੜਾ ਰਾਮ ਦਾ ਅਹਿਸਾਨ ਹੈ। ਅੱਜ ਤੋਂ ਸਾਢੇ ਤਿੰਨ ਦਹਾਕੇ ਪਹਿਲਾਂ ਉਹਨਾਂ ਨੇ ਮੈਨੂੰ ਨਵਾਂ ਜ਼ਮਾਨਾ ਨਾਲ ਜੋੜਿਆ। ਘਰ ਵਿੱਚ ਪੱਕੇ ਤੌਰ 'ਤੇ ਨਵਾਂ ਜ਼ਮਾਨਾ ਲਵਾਇਆ। ਨਵਾਂ ਜ਼ਮਾਨਾ ਪੜ੍ਹ-ਪੜ੍ਹ ਕੇ ਹੀ ਕੁਝ ਲਿਖਣ ਦੀ ਜਾਚ ਆਈ। ਉਹਨਾਂ ਬਾਰੇ ਇੱਕ ਹੋਰ ਗੱਲ। ਕਾਮਰੇਡ ਰੂੜਾ ਰਾਮ ਆਪਣੀ ਆਖੀ ਹੋਈ ਸੱਚੀ ਗੱਲ 'ਤੇ ਪੂਰੀ ਤਰ੍ਹਾਂ ਪਹਿਰਾ ਦਿੰਦੇ। ਇਸ ਮਾਮਲੇ ਵਿੱਚ ਉਹ ਕਿਸੇ ਦੀ ਵੀ ਪਰਵਾਹ ਨਾ ਕਰਦੇ। ਅੜੀ ਵੇਲੇ ਕੌੜਾ-ਫਿੱਕਾ ਵੀ ਬੋਲ ਜਾਂਦੇ ਸਨ। ਕਾਮਰੇਡ ਰੂੜਾ ਰਾਮ ਆਪਣੇ ਪਿੱਛੇ ਵੱਡਾ ਪਰਵਾਰ ਛੱਡ ਕੇ ਗਏ ਹਨ। ਸਾਰਾ ਪਰਵਾਰ ਉਨ੍ਹਾਂ ਦੇ ਸੰਘਰਸ਼ੀ ਜੀਵਨ 'ਤੇ ਮਾਣ ਕਰਦਾ ਹੈ, ਬੇਸ਼ੱਕ ਦੁਸ਼ਵਾਰੀਆਂ ਅੱਜ ਵੀ ਬਰਕਰਾਰ ਹਨ। ਕਾਮਰੇਡ ਰੂੜਾ ਰਾਮ ਪਰਜੀਆਂ ਆਪਣੀ ਪਤਨੀ ਤਰਸੇਮ ਕੌਰ ਤੋਂ ਇਲਾਵਾ ਪੰਜ ਧੀਆਂ ਛੱਡ ਕੇ ਗਏ ਹਨ। ਉਹਨਾਂ ਦੇ ਭਰਾ ਡਾ. ਪਿਆਰਾ ਲਾਲ ਤੇ ਬੂੜਾ ਰਾਮ ਆਪਣੇ ਭਰਾ ਦੇ ਕਮਿਊਨਿਸਟ ਹੋਣ 'ਤੇ ਸਦਾ ਮਾਣ ਕਰਦੇ ਰਹੇ ਹਨ।

ਅੱਜ 27 ਮਈ ਨੂੰ ਉਹਨਾਂ ਦੇ ਪਿੰਡ ਪਰਜੀਆਂ ਕਲਾਂ ਵਿੱਚ ਉਹਨਾਂ ਨੂੰ ਯਾਦ ਕੀਤਾ ਜਾਵੇਗਾ। ਇਸ ਮੌਕੇ ਉਹਨਾਂ ਦਾ ਪਰਵਾਰ, ਦੋਸਤ-ਮਿੱਤਰ, ਰਿਸ਼ਤੇਦਾਰ ਤੇ ਹੋਰ ਲੋਕ ਉਹਨਾਂ ਦੀ ਜ਼ਿੰਦਗੀ ਬਾਰੇ ਗੱਲਾਂ ਕਰਨਗੇ।

**# ਸੰਪਰਕ : 98725-40447**

# ਪੰਜਾਬ 'ਚ ਸਕੂਲੀ ਸਿੱਖਿਆ ਦਾ ਮੱਕੜ ਜਾਲ

ਜਗੀਰ ਜੋਸਣ

ਸਭ ਤੋਂ ਵੱਧ ਪਿਆਰ ਮਾਤਾ-ਪਿਤਾ ਆਪਣੀ ਔਲਾਦ ਨੂੰ ਕਰਦੇ ਹਨ। ਕੁਦਰਤੀ ਹੈ ਕਿ ਉਨ੍ਹਾਂ ਨੂੰ ਸਭ ਤੋਂ ਵੱਧ ਚਿੰਤਾ ਵੀ ਆਪਣੀ ਔਲਾਦ ਦੀ ਹੀ ਹੁੰਦੀ ਹੈ। ਜਿਉਂ-ਜਿਉਂ ਬੱਚੇ ਵੱਡੇ ਹੁੰਦੇ ਜਾਂਦੇ ਹਨ, ਮਾਪਿਆਂ ਦੀਆਂ ਚਿੰਤਾਵਾਂ ਵੀ ਉਨ੍ਹਾਂ ਦੇ ਬੱਚਿਆਂ ਦੀ ਉਮਰ ਨਾਲ਼ ਬਦਲਦੀਆਂ ਰਹਿੰਦੀਆਂ ਹਨ। ਅੱਜ ਆਪਾਂ ਸਭ ਤੋਂ ਪਹਿਲੀ ਅਤੇ ਮਹੱਤਵਪੂਰਨ ਚਿੰਤਾ ਬੱਚਿਆਂ ਦੀ ਵਿਦਿਆ ਸੰਬੰਧੀ 'ਤੇ ਵਿਚਾਰ ਕਰਾਂਗੇ।

ਬਹੁਤੇ ਮੱਧ ਵਰਗੀ ਮਾਪਿਆਂ ਨੂੰ ਇਹ ਚਿੰਤਾ ਉਦੋਂ ਹੀ ਸਤਾਉਣਾ ਸ਼ੁਰੂ ਕਰ ਦਿੰਦੀ ਹੈ ਜਦੋਂ ਬੱਚਾ ਆਪਣੀ ਮਾਂ ਦੇ ਗਰਭ ਵਿੱਚ ਹੀ ਹੁੰਦਾ ਹੈ। ਉਦੋਂ ਤੋਂ ਹੀ ਉਹ ਆਉਣ ਵਾਲੇ ਬੱਚੇ ਨੂੰ ਕਿਸ ਸ਼ਹਿਰ ਦੇ ਕਿਸ ਸਕੂਲ ਵਿੱਚ ਦਾਖਲ ਕਰਾਉਣਾ ਹੈ, ਬਾਰੇ ਪੁੱਛ-ਪੜਤਾਲ ਸ਼ੁਰੂ ਕਰਕੇ ਆਪਣੀ ਆਮਦਨ ਦੇ ਸਾਧਨਾਂ ਅਤੇ ਆਉਣ ਵਾਲੇ ਬੱਚੇ ਦੀ ਪੜ੍ਹਾਈ ਦੇ ਖਰਚ ਸੰਬੰਧੀ ਜ਼ਰਬਾਂ, ਤਕਸੀਮਾਂ ਸ਼ੁਰੂ ਕਰ ਦਿੰਦੇ ਹਨ। ਬਜਟ ਗੇੜ ਵਿੱਚ ਨਾ ਆਉਂਦਾ ਵੇਖ ਕੇ ਕਈ ਵਾਰ ਇਹ ਨੋਕ-ਝੋਕ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਰਿਸ਼ਤਿਆਂ ਵਿੱਚ ਤਰੇੜਾਂ ਪਾਉਣੀਆਂ ਸ਼ੁਰੂ ਕਰ ਦਿੰਦੀ ਹੈ। ਵੱਧ ਰਹੀ ਮਹਿੰਗਾਈ ਅਤੇ ਪ੍ਰਾਈਵੇਟ ਸਕੂਲਾਂ ਦੀ ਮਹਿੰਗੀ ਵਿੱਦਿਆ ਕਾਰਨ ਮੱਧ ਵਰਗੀ ਪਰਵਾਰ ਵੀ ਦਿਨੋਂ-ਦਿਨ ਛੋਟੇ ਹੋ ਰਹੇ ਹਨ।

ਪਹਿਲਾਂ ਕਦੀ ਪੰਜਾਬ ਦੇ ਪਿੰਡਾਂ ਦੀਆਂ ਕੰਧਾਂ 'ਤੇ ਪ੍ਰੀਵਾਰ ਨਿਯੋਜਨ ਵੱਲੋਂ ਲਿਖਿਆ ਨਾਹਰਾ ਆਮ ਵੇਖਣ ਵਿੱਚ ਮਿਲਦਾ ਸੀ 'ਦੋ ਜਾਂ ਤੀਨ ਬੱਚੇ ਹੋਤੇ ਹੈ ਘਰ ਮੇਂ ਅੱਛੇ'। ਫਿਰ ਉਸ ਤੋਂ ਪਿਛੋਂ 'ਅਸੀਂ ਦੋ ਸਾਡੇ ਦੋ' ਦਾ ਨਾਹਰਾ ਸ਼ੁਰੂ ਹੋਇਆ। ਇਸ ਤੋਂ ਅੱਗੇ ਸਰਕਾਰਾਂ ਨੂੰ ਅਜਿਹੀ ਮਸ਼ਹੂਰੀ ਕਰਨ ਦੀ ਲੋੜ ਨਹੀਂ ਪਈ। ਕੁੱਖਾਂ ਦੇ ਐਕਸਰੇ ਕਰਨ ਵਾਲੀਆਂ ਮਸ਼ੀਨਾਂ ਆ ਗਈਆਂ। ਕੁੜੀਆਂ ਨੂੰ ਕੁੱਖਾਂ 'ਚੋਂ ਪਲ਼ਦੀਆਂ ਵੇਖ ਕੇ ਡਾਕਟਰਾਂ ਦੀਆਂ ਕੈਂਚੀਆਂ ਤਰਲੋਮੱਛੀ ਹੋਣ ਲੱਗਦੀਆਂ। ਇਹ ਸਿਲਸਿਲਾ ਉਦੋਂ ਤੱਕ ਚਲਦਾ ਰਹਿੰਦਾ, ਜਦੋਂ ਤੱਕ ਇਹ ਤਹਿ ਨਾ ਹੋ ਜਾਵੇ ਕਿ ਕੁੱਖ 'ਚ ਪਲਣ ਵਾਲਾ ਭਰੂਣ ਲੜਕਾ ਹੀ ਹੈ। ਜਿਸ ਜੋੜੇ ਦੇ ਪਹਿਲਾਂ ਲੜਕਾ ਹੋ ਜਾਂਦਾ, ਉਸ ਨੇ ਕਦੀ ਦੂਸਰਾ ਬੱਚਾ ਲੈਣ ਦੀ ਇੱਛਾ ਹੀ ਨਹੀਂ ਕੀਤੀ। ਤੁਸੀਂ ਆਪਣੇ ਆਲੇ-ਦੁਆਲੇ ਨਿਗਾਹ ਮਾਰ ਕੇ ਇਸ ਗੱਲ ਦੀ ਪੁਸ਼ਟੀ ਕਰ ਸਕਦੇ ਹੋ।

ਜ਼ਿਆਦਾ ਨੌਕਰੀਪੇਸ਼ਾ ਫਿਕਰਮੰਦ ਜੋੜਿਆਂ ਨੇ ਆਪਣੇ ਬੱਚੇ ਦੀ ਪੜ੍ਹਾਈ ਲਈ ਪਿੰਡਾਂ ਵਿਚੋਂ ਆਪਣਾ ਡੰਡਾ ਡੇਰਾ ਚੁੱਕ ਕੇ ਆਪਣੀ ਨੌਕਰੀ ਵਾਲੇ ਸ਼ਹਿਰਾਂ ਵਿੱਚ ਡੇਰੇ ਜਮਾ ਲਏ। ਕੰਮ-ਕਾਜ਼ੀ ਜੋੜੇ ਆਪਣੇ ਨਵਜਾਤਾਂ ਨੂੰ ਪਲੇਅ ਵੇ ਸਕੂਲਾਂ, ਬੱਚਾ ਸੰਭਾਲ ਕੇਂਦਰਾਂ ਵਿੱਚ ਛੱਡ ਕੇ ਆਪ ਦੋਹਵੇਂ ਜੀ ਨਵੇਂ ਆਏ ਜੀਵ ਦੇ ਚੰਗੇ ਭਵਿੱਖ ਲਈ ਆਪਣੀਆਂ ਨੌਕਰੀਆਂ 'ਤੇ ਚਲੇ ਜਾਂਦੇ। ਬੱਚਿਆਂ ਦੀ ਪੜ੍ਹਾਈ ਦੀ ਚਿੰਤਾ ਨੇ ਉਨ੍ਹਾਂ ਨੂੰ ਆਪਣੇ ਮਾਪਿਆਂ ਤੋਂ ਪਾਸੇ ਕਰਨ ਵਿੱਚ ਵੱਡਾ ਯੋਗਦਾਨ ਪਾਇਆ। ਨਵਜੰਮੇ ਬੱਚਿਆਂ ਨੂੰ ਦਾਦੇ-ਦਾਦੀ ਦਾ ਪਿਆਰ ਮਿਲਣ ਦੀ ਥਾਂ ਪਲੇਅ ਵੇ ਸਕੂਲਾਂ ਦੀਆਂ ਅੰਟੀਆਂ ਦੀਆਂ ਘੂਰੀਆਂ ਨਸੀਬ ਹੋਈਆਂ।

ਪੰਜਾਬ ਤੇ ਰਾਜ ਕਰਨ ਵਾਲੀਆਂ ਸਾਰੀਆਂ ਸਰਕਾਰਾਂ ਨੇ ਸਰਕਾਰੀ ਸਕੂਲਾਂ, ਸਰਕਾਰੀ ਹਸਪਤਾਲਾਂ, ਸਰਕਾਰੀ ਬੱਸਾਂ 'ਤੇ ਖਰਚ ਕਰਕੇ ਇਨ੍ਹਾਂ ਦਾ ਮਿਆਰ ਚੁੱਕਣ ਦੀ ਬਜਾਏ ਇਹਨਾਂ ਦਾ ਵਾਰੋ-ਵਾਰੀ ਸਫਾਇਆ ਕਰਨ ਨੂੰ ਪਹਿਲ ਦਿੱਤੀ। ਹਾਲਤ ਏਹੋ ਜੇਹੇ ਪੈਦਾ ਕਰ ਦਿੱਤੇ ਕਿ ਸਰਕਾਰੀ ਅਦਾਰਿਆਂ ਤੋਂ ਜਨਤਾ ਦਾ ਵਿਸ਼ਵਾਸ ਉੱਠ ਜਾਵੇ। ਪਿੰਡਾਂ ਦੇ ਸਕੂਲਾਂ ਵਿੱਚ ਪੰਜ ਜਮਾਤਾਂ ਨੂੰ ਪੜ੍ਹਾਉਣ ਲਈ ਇਕ ਅਧਿਆਪਕ, ਉਤੋਂ ਅਧਿਆਪਕ ਵਰਗ ਨੂੰ ਬੇਲੋੜੇ ਅਜਿਹੇ ਕੰਮਾਂ 'ਚ ਉਲਝਾਈ ਰੱਖਣਾ ਕਿ ਉਸ ਕੋਲ ਪੜ੍ਹਾਉਣ ਲਈ ਸਮਾਂ ਹੀ ਨਾ ਬਚੇ। ਅਜਿਹੇ ਹਾਲਤਾਂ ਵਿੱਚ ਲੋਕਾਂ ਦਾ ਵਿਸ਼ਵਾਸ ਸਰਕਾਰੀ ਸਕੂਲਾਂ ਤੋਂ ਟੁਟਣਾ ਸ਼ੁਰੂ ਹੋਇਆ। ਤਿਆਰ ਕਰਕੇ ਸਕੂਲ ਭੇਜੇ ਬੱਚੇ ਘੱਟਿਓ-ਮਿੱਟੀ ਹੋ ਕੇ ਘਰ ਮੁੜਦੇ।

1980 ਤੋਂ 1990 ਦੇ ਦਹਾਕੇ ਵਿੱਚ ਪੰਜਾਬ ਦੇ ਪਿੰਡਾਂ ਵਿੱਚ ਬੇਰੁਜ਼ਗਾਰ ਅਧਿਆਪਕਾਂ ਅਤੇ ਹੋਰ ਪੜ੍ਹਿਆ-ਲਿਖਿਆਂ ਨੇ ਆਪਣੇ ਰੁਜ਼ਗਾਰ ਵਜੋਂ ਪਿੰਡਾਂ, ਕਸਬਿਆਂ 'ਚ ਅੰਜਰੇਜ਼ੀ ਮੀਡੀਅਮ ਵਾਲੇ ਸਕੂਲ ਖੋਲ੍ਹੇ। ਇਨ੍ਹਾਂ ਸਕੂਲਾਂ ਵਿੱਚ ਜ਼ਿਆਦਾਤਰ ਹਿਸਾਬ ਅਤੇ ਸਾਇੰਸ ਦੇ ਵਿਸ਼ੇ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਾਏ ਜਾਂਦੇ ਤੇ ਬਾਕੀ ਪੰਜਾਬ ਮਾਧਿਅਮ ਵਿੱਚ। ਇਨ੍ਹਾਂ ਸਕੂਲਾਂ ਵਿੱਚ ਪੇਂਡੂ ਬੱਚੇ ਰੰਗ-ਬਰੰਗੀਆਂ ਵਰਦੀਆਂ ਪਾ ਕੇ, ਟਾਈਆਂ ਲਾ ਕੇ ਇਨ੍ਹਾਂ ਸਕੂਲਾਂ ਦੀਆਂ ਬੱਘੀਆਂ-ਘੜੁਕਿਆਂ ਵਿੱਚ ਸਵਾਰ ਹੋ ਕੇ ਬਾਏ-ਬਾਏ ਕਰਦੇ ਸਕੂਲ ਜਾਂਦੇ। ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਜੁੜੇ ਇਹਨਾਂ ਸਕੂਲਾਂ ਨੇ ਨਾ ਸਿਰਫ਼ ਆਪੋ ਆਪਣੇ ਸਾਧਨਾਂ ਨਾਲ ਬੱਚਿਆਂ ਨੂੰ ਸਿੱਖਿਅਤ ਕੀਤਾ, ਸਗੋਂ ਇੱਕ ਵੱਡੇ ਵਰਗ ਨੂੰ ਰੁਜ਼ਤਗਾਰ ਦੇ ਕੇ ਪੰਜਾਬ ਸਰਕਾਰ ਦੀ ਸਿਰਦਰਦੀ ਵੀ ਘਟਾਈ।

ਏਸੇ ਸਮੇਂ ਪੰਜਾਬ ਦੇ ਸ਼ਹਿਰਾਂ ਵਿੱਚ ਈਸਾਈ ਮਿਸ਼ਨਰੀਆਂ ਤੋਂ ਇਲਾਵਾ ਕਾਰਪੋਰੇਟ ਘਰਾਣਿਆਂ ਅਤੇ ਪ੍ਰਾਪਰਟੀ ਡੀਲਰਾਂ ਨੇ ਖ਼ੂਬਸੂਰਤ ਇਮਾਰਤਾਂ ਬਣਾ ਕੇ ਸਕੂਲ ਖੋਹਲ ਲਏ। ਪ੍ਰਿੰਸੀਪਲ ਤੋਂ ਲੈ ਕੇ ਪ੍ਰਬੰਧਕੀ ਅਮਲਾ ਜਿਨ੍ਹਾਂ ਨਾਲ ਆਮ ਮਾਪਿਆਂ ਦਾ ਵਾਹ ਪੈਣਾ ਹੁੰਦਾ ਹੈ, ਦੱਖਣੀ ਭਾਰਤ ਤੋਂ ਭਰਤੀ ਕੀਤਾ ਗਿਆ। ਉਹ ਸਿਰਫ਼ ਅੰਗਰੇਜ਼ੀ ਬੋਲਦੇ। ਇਹਨਾਂ ਸਕੂਲਾਂ ਵਿੱਚ ਬਾਕੀ ਅਧਿਆਪਕ ਪੰਜਾਬ ਦੇ ਹੀ ਹੁੰਦੇ, ਪਰ ਇਸ ਸ਼ਰਤ 'ਤੇ ਰੱਖੇ ਜਾਂਦੇ ਕਿ ਤੁਸੀਂ ਬੱਚਿਆਂ ਨਾਲ ਪੰਜਾਬੀ ਨਹੀਂ ਬੋਲਣੀ, ਜੇ ਇੰਗਲਿਸ਼ ਨਹੀਂ ਬੋਲ ਸਕਦੇ ਤਾਂ ਹਿੰਦੀ ਬੋਲੋ। ਅੰਗਰੇਜ਼ੀ ਪੰਜਾਬੀ ਮਾਪਿਆਂ ਦੀ ਦੁਖਦੀ ਰੱਗ ਸੀ/ਹੈ। ਠੀਕ ਏਸੇ ਰਗ 'ਤੇ ਹੱਥ ਰੱਖ ਕੇ ਇਹਨਾਂ ਸਕੂਲਾਂ ਵਾਲਿਆਂ ਨੇ ਪੰਜਾਬ ਵਿੱਚ ਆਪਣਾ ਬੋਲ-ਬਾਲਾ ਸਥਾਪਤ ਕੀਤਾ ਤੇ ਪੰਜਾਬੀ ਭਾਸ਼ਾ ਨੂੰ ਨੁਕਰੇ ਲਾਈ ਰੱਖਿਆ।

ਨਰਸਰੀ ਕਲਾਸ ਵਿੱਚ ਦਾਖ਼ਲੇ ਲਈ ਮੋਟੇ ਡੋਨੇਸ਼ਨਾਂ ਤੋਂ ਇਲਾਵਾ ਅਸਰ-ਰਸੂਖ ਵਾਲੇ ਵਿਅਕਤੀਆਂ ਅਤੇ ਅਫ਼ਸਰਸ਼ਾਹਾਂ ਦੀਆਂ ਸਿਫ਼ਾਰਸ਼ਾਂ ਨਾਲ ਮਾਤਾ-ਪਿਤਾ ਦੀ ਇੰਟਰਵਿਊ ਲਈ ਜਾਂਦੀ। ਸੀਮਤ ਸੀਟਾਂ ਦਾ ਡਰ ਮਾਪਿਆਂ ਨੂੰ ਦਾਖ਼ਲੇ ਵਾਲੇ ਦਿਨਾਂ ਵਿੱਚ ਤੜਕਸਾਰ ਤੋਂ ਹੀ ਲਾਈਨਾਂ 'ਚ ਲਗਾ ਦਿੰਦਾ। ਦਾਖ਼ਲਾ ਮਿਲਣ 'ਤੇ ਖੁਸ਼ੀਆਂ ਮਨਾਈਆਂ ਜਾਂਦੀਆਂ, ਮਠਿਆਈਆਂ ਵੰਡੀਆਂ ਜਾਂਦੀਆਂ। ਪੰਜਾਬੀ ਮਾਪਿਆਂ ਨੂੰ ਇਹ ਸ਼ੱਕ ਹੈ ਕਿ ਸ਼ਾਇਦ ਜੇ ਉਨ੍ਹਾਂ ਨੂੰ ਅੰਗਰੇਜ਼ੀ ਆਉਂਦੀ ਹੁੰਦੀ ਤਾਂ ਪਤਾ ਨਹੀਂ ਉਨ੍ਹਾਂ ਕਿਹੜਾ ਕਿਲ੍ਹਾ ਸਰ ਕਰ ਲੈਣਾ ਸੀ।

ਸ਼ਹਿਰਾਂ ਵਿਚੋਂ ਨਿਕਲ ਕੇ ਇਨ੍ਹਾਂ ਸਕੂਲਾਂ ਨੇ ਹੌਲੀ-ਹੌਲੀ ਪੰਜਾਬ ਦੇ ਪਿੰਡਾਂ ਵੱਲ ਰੁਖ ਕੀਤਾ। ਜੱਦੀ ਜ਼ਮੀਨਾਂ ਦੀਆਂ ਕਾਲੋਨੀਆਂ ਕੱਟ ਕੇ ਅਤੇ ਤਕਰੀਬਨ ਹਰ ਘਰ 'ਚੋਂ ਕਿਸੇ ਨੇ ਕਿਸੇ ਦੇ ਵਿਦੇਸ਼ ਵਿੱਚ ਕੰਮ ਕਰਨ ਨਾਲ ਨਵੇਂ-ਨਵੇਂ ਅਮੀਰ ਹੋਏ ਪੇਂਡੂ ਪੰਜਾਬੀਆਂ ਦੀਆਂ ਅੱਖਾਂ ਇਨ੍ਹਾਂ ਸਕੂਲਾਂ ਦੀ ਚਕਾਚੌਂਧ ਦੇਖ ਕੇ ਚੁੰਧਿਆ ਗਈਆਂ ਅਤੇ ਉਹਨਾਂ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਇਨ੍ਹਾਂ ਸਕੂਲਾਂ ਦੀ ਚੋਣ ਕੀਤੀ। ਪੈਸੇ ਵਾਲਿਆਂ ਦੀ ਰੀਸੋ-ਰੀਸ ਅੱਡੀਆਂ ਚੁੱਕ ਕੇ ਫਾਹਾ ਲੈਣ ਤੋਂ ਆਮ ਲੋਕ ਵੀ ਪਿੱਛੇ ਨਹੀਂ ਹਟੇ। ਜਿਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਆਪ ਪੜ੍ਹ-ਲਿਖੇ ਹਨ ਜਾਂ ਐਨੀ ਸਮਰੱਥਾ ਰੱਖਦੇ ਹਨ ਕਿ ਆਪਣੇ ਬੱਚੇ ਨੂੰ ਸਕੂਲ ਟਾਈਮ ਤੋਂ ਪਿੱਛੋਂ ਟਿਊਸ਼ਨ ਪੜ੍ਹਾ ਸਕਣ, ਉਹ ਤਾਂ ਸਕੂਲੀ ਸਿੱਖਿਆ ਪੂਰੀ ਕਰ ਗਏ, ਜਿਹੜੇ ਸੀਮਤ ਸਾਧਨਾਂ ਵਿੱਚ ਆਪਣਾ ਨਿਰਬਾਹ ਕਰ ਰਹੇ ਹਨ, ਉਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪਈ।

ਪੂਰੀ ਦੁਨੀਆਂ ਦੇ ਸਿੱਖਿਆ ਸ਼ਾਸਤਰੀ ਏਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਬੱਚੇ ਦੀ ਮੁੱਢਲੀ ਸਿੱਖਿਆ ਦਾ ਮਾਧਿਅਮ ਸਿਰਫ਼ ਤੇ ਸਿਰਫ਼ ਉਸ ਦੀ ਮਾਤ-ਭਾਸ਼ਾ ਹੀ ਹੋਣਾ ਚਾਹੀਦਾ ਹੈ। ਭਾਰਤ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਵੀ ਏਸ ਦੀ ਪੁਸ਼ਟੀ ਕਰਦੀ ਹੈ। ਵੱਡਾ ਹੋ ਕੇ ਬੱਚਾ

**(ਬਾਕੀ ਸਫ਼ਾ 9 'ਤੇ)**

## ਅਮਨ-ਅਮਾਨ ਨਾਲ ਨੇਪਰੇ ਚੜ੍ਹੀਆਂ ਨਗਰ ਨਿਗਮ ਮੋਗਾ, ਨਗਰ ਪੰਚਾਇਤ ਕੋਟ ਈਸੇ ਖਾਂ ਦੀਆਂ ਚੋਣਾਂ

**ਮੋਗਾ (ਇਕਬਾਲ ਸਿੰਘ ਖਹਿਰਾ)**- ਨਗਰ ਨਿਗਮ ਮੋਗਾ ਦੇ 50 ਵਾਰਡਾਂ ਤੇ ਨਗਰ ਪੰਚਾਇਤ ਕੋਟ ਈਸੇ ਖਾਂ ਦੇ 13 ਵਾਰਡਾਂ ਵਿੱਚ ਸਵੇਰੇ 8 ਵਜੇ ਤੋਂ ਵੋਟਾਂ ਪਾਉਣ ਦੀ ਪ੍ਰਕਿਰਿਆ ਆਰੰਭ ਹੋਈ ਅਤੇ ਸ਼ਾਮ ਨੂੰ ਪੰਜ ਵਜੇ ਸਮਾਪਤ ਹੋਈ।ਇਸ ਦੌਰਾਨ ਵੱਡੀ ਗਿਣਤੀ ਵਿੱਚ ਵੋਟਰਾਂ ਨੇ ਉਤਸ਼ਾਹ ਵਿਖਾਉਂਦਿਆਂ ਆਪਣੀਆਂ ਵੋਟਾਂ ਪਾਈਆਂ।ਇਸ ਮੌਕੇ ਡਿਪਟੀ

● **ਮੋਗਾ ਦੇ 50 ਵਾਰਡਾਂ ਤੇ ਕੋਟ ਈਸੇ ਖਾਂ ਦੇ 13 ਵਾਰਡਾਂ 'ਚ ਲੋਕਾਂ ਨੇ ਪਾਈਆਂ ਵੋਟਾਂ**

ਕਮਿਸ਼ਨਰ ਨੇ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੋਣਾਂ ਨੂੰ ਨਿਰਪੱਖ, ਪਾਰਦਰਸ਼ਤਾ ਤੇ ਬਿਨਾਂ ਕਿਸੇ ਦਬਾਅ ਤੋਂ ਸ਼ਾਂਤੀਪੂਰਨ ਤਰੀਕੇ ਨਾਲ ਨੇਪਰੇ ਚਾੜ੍ਹਿਆ ਹੈ।

ਉਨ੍ਹਾਂ ਦੱਸਿਆ ਕਿ ਨਗਰ ਨਿਗਮ ਦੇ 50 ਵਾਰਡਾਂ 'ਚ ਵੋਟਰਾਂ ਵੱਲੋਂ ਵੋਟਾਂ ਪਾਈਆਂ ਗਈਆਂ, ਉੱਥੇ ਹੀ ਨਗਰ ਪੰਚਾਇਤ ਕੋਟ ਈਸੇ ਖਾਂ ਦੇ 13 ਵਾਰਡਾਂ 'ਚ ਆਪਣੇ ਵੋਟ ਅਧਿਕਾਰ ਦਾ ਇਸਤੇਮਾਲ ਕੀਤਾ।ਪੋਲ ਹੋਈਆਂ ਵੋਟਾਂ ਦੀ ਗਿਣਤੀ 29 ਮਈ 2026 (ਸ਼ੁੱਕਰਵਾਰ) ਨੂੰ ਹੋਵੇਗੀ।ਇਸ ਚੋਣ ਪ੍ਰਕਿਰਿਆ ਦੌਰਾਨ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਫਰੀਦਕੋਟ ਰੇਂਜ ਦੀ ਆਈਜੀ ਨਿਲਭੰਬੀ ਜਗਦਲੇ ਵਿਸ਼ੇ ਵੱਲੋਂ ਮੋਗਾ ਤੇ ਕੋਟ ਈਸੇ ਖਾਂ ਦਾ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ



ਐੱਸ.ਐੱਸ.ਪੀ. ਮੋਗਾ ਸਰਤਾਜ ਸਿੰਘ ਚਾਹਲ ਵੀ ਮੌਜੂਦ ਸਨ। ਇਸ ਮੌਕੇ ਵੋਟ ਪਾਉਣ ਲਈ ਪਹੁੰਚੇ ਹਲਕਾ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਜਿਹੜੇ ਵਾਅਦੇ ਲੋਕਾਂ ਨਾਲ ਕੀਤੇ ਸਨ, ਉਨ੍ਹਾਂ ਨੂੰ ਬਾਖ਼ੂਬੀ ਨਿਭਾਇਆ ਹੈ, ਜਿਸ ਕਾਰਨ ਲੋਕ ਆਮ ਆਦਮੀ ਪਾਰਟੀ ਨੂੰ ਚੁਣਨ ਲਈ ਉਤਾਵਲੇ ਹਨ ਅਤੇ ਉਨ੍ਹਾਂ ਦੀ ਪਾਰਟੀ 50 ਵਾਰਡਾਂ ਚੋਂ ਜਿੱਤ ਪ੍ਰਾਪਤ ਕਰਕੇ ਆਮ ਆਦਮੀ ਪਾਰਟੀ ਦਾ ਮੇਅਰ ਬਣਾਵੇਗੀ ਤਾਂ ਜੋ ਸ਼ਹਿਰ ਦਾ ਸਰਬਪੱਖੀ ਵਿਕਾਸ ਕੀਤਾ ਜਾ ਸਕੇ। ਇਸ ਮੌਕੇ ਕਾਂਗਰਸ ਦੀ ਹਲਕਾ ਇੰਚਾਰਜ ਮਾਲਵਿਕਾ ਸੂਦ ਨੇ ਵੋਟ ਪਾਉਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਥਿਤੀ ਤੋਂ ਕਦਰ ਡਾਵਾਂ ਡੋਲ ਹੈ ਕਿ ਉਨ੍ਹਾਂ ਕੋਲ 50 ਵਾਰਡਾਂ ਤੋਂ ਖੜੇ ਕਰਨ ਲਈ ਉਮੀਦਵਾਰ ਵੀ ਨਹੀਂ ਮਿਲ ਰਹੇ, ਜਿਸ ਕਾਰਨ ਇੱਕ ਪਰਿਵਾਰ ਦੇ ਦੋ ਦੋ, ਤਿੰਨ ਤਿੰਨ ਲੋਕਾਂ ਨੂੰ ਵੱਖ ਵੱਖ ਵਾਰਡਾਂ ਤੋਂ ਉਤਾਰਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਇਨ੍ਹਾਂ ਵੋਟਾਂ ਵਿੱਚ ਵੱਡੀ ਲੀਡ ਪ੍ਰਾਪਤ ਕਰੇਗੀ, ਜੋ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ ਪਿੜ ਬੰਨੇਗੀ।

## ਅਰਬਨ ਅਸਟੇਟ ਦੀਆਂ ਟੁੱਟੀਆਂ ਸੜਕਾਂ ਦਾ ਸਿਹਤ ਮੰਤਰੀ ਨੇ ਨਿਰਮਾਣ ਸ਼ੁਰੂ ਕਰਵਾਇਆ

### ਵਿਕਾਸ ਕਾਰਜਾਂ ਨਾਲ ਪਟਿਆਲਾ ਦੀ ਬਦਲੇਗੀ ਤਸਵੀਰ : ਡਾ. ਬਲਬੀਰ ਸਿੰਘ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਮੰਗਲਵਾਰ ਪਟਿਆਲਾ ਦੇ ਅਰਬਨ ਅਸਟੇਟ ਫੇਜ਼-2 ਵਿੱਚ ਕਰੀਬ 5 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੀਆਂ 25 ਕਿਲੋਮੀਟਰ ਸੜਕਾਂ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ।ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਸੂਬੇ ਦੇ ਹਰ ਸ਼ਹਿਰ ਤੇ ਪਿੰਡ ਦਾ ਸਰਬਪੱਖੀ ਵਿਕਾਸ ਯਕੀਨੀ ਬਣਾਇਆ ਜਾ ਰਿਹਾ ਹੈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਅਰਬਨ ਅਸਟੇਟ ਫੇਜ਼-2 ਦੀਆਂ ਸੜਕਾਂ ਦੇ ਨਵੀਨੀਕਰਨ ਨਾਲ ਇਲਾਕਾ ਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ ਤੇ ਆਵਾਜਾਈ ਹੋਰ ਸੁਗਮ ਬਣੇਗੀ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਲਾਕੇ ਦੇ ਪਾਰਕਾਂ ਦੀ ਮੁਰੰਮਤ ਤੇ ਸੁੰਦਰਤਾ ਵਧਾਉਣ ਲਈ ਵੀ ਵਿਸ਼ੇਸ਼ ਫੰਡ ਜਾਰੀ ਕੀਤੇ ਗਏ ਹਨ, ਜੋ ਲੋਕਾਂ ਨੂੰ ਸਾਫ-ਸੁਥਰਾ ਤੇ ਹਰਾ-ਭਰਾ ਵਾਤਾਵਰਨ ਮਿਲ ਸਕੇ। ਸਿਹਤ ਮੰਤਰੀ ਨੇ ਇਲਾਕਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਪਣੇ ਆਲੇ-ਦੁਆਲੇ ਦਾ ਵਾਤਾਵਰਨ ਸਾਫ-ਸੁਥਰਾ ਰੱਖਣਾ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਜਗ੍ਹਾ-ਜਗ੍ਹਾ ਗੰਦਗੀ ਦੇ ਢੇਰ ਨਾ ਲਗਾਏ



ਦਿੱਤੇ ਜਾਣ ਅਤੇ ਲੋਕ ਆਪਣੇ ਘਰਾਂ ਤੇ ਮੁਹੱਲਿਆਂ ਦੀ ਸਫਾਈ ਵੱਲ ਖ਼ਾਸ ਧਿਆਨ ਦੇਣ।ਉਨ੍ਹਾਂ ਅਰਬਨ ਅਸਟੇਟ ਦੇ ਵਾਸੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਲਾਕੇ ਦੇ ਲੋਕਾਂ ਨੇ ਆਪਣੇ ਇਲਾਕੇ ਨੂੰ ਬਹੁਤ ਹੀ ਸਾਫ-ਸੁਥਰਾ ਤੇ ਸੁਚੱਜਾ ਬਣਾ ਕੇ ਇੱਕ ਮਿਸਾਲ ਕਾਇਮ ਕੀਤੀ ਹੈ।ਉਨ੍ਹਾਂ ਕਿਹਾ ਕਿ ਹੋਰ ਇਲਾਕਿਆਂ ਦੇ ਲੋਕਾਂ ਨੂੰ ਵੀ ਇਸ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਮਕਸਦ ਸੂਬੇ ਦੇ ਹਰ ਨਾਗਰਿਕ ਤੱਕ ਬਿਹਤਰ ਬੁਨਿਆਦੀ ਸਹੂਲਤਾਂ ਪਹੁੰਚਾਉਣਾ ਹੈ।ਇਸੇ ਵਚਨਬੱਧਤਾ ਨਾਲ ਸਰਕਾਰ ਪੰਜਾਬ ਦੇ ਵਿਕਾਸ ਤੇ ਲੋਕਾਂ ਦੀ ਭਲਾਈ ਲਈ ਦਿਨ-ਰਾਤ ਕੰਮ ਕਰ ਰਹੀ ਹੈ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਵਿਕਾਸ ਕਾਰਜਾਂ ਦੀ ਇਹ ਲੜੀ ਲਗਾਤਾਰ ਜਾਰੀ ਰਹੇਗੀ ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਇਲਾਕਾ ਨਿਵਾਸੀਆਂ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਸਿਹਤ ਮੰਤਰੀ ਦਾ ਧੰਨਵਾਦ ਕੀਤਾ ਗਿਆ ਤੇ ਵਿਕਾਸ ਕਾਰਜਾਂ ਲਈ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ ਗਈ।ਇਸ ਮੌਕੇ ਪੀ ਡੀ ਏ ਦੇ ਮੁੱਖ ਪ੍ਰਸ਼ਾਸਕ ਮਿਸ ਅਪਰਨਾ, ਚੀਫ਼ ਇੰਜੀਨੀਅਰ ਅਜੇ ਗਰਗ, ਐੱਸ ਈ ਵਰੁਣ ਗਰਗ, ਐਕਸੀਅਨ ਇੰਜ: ਮੁਨੀਸ਼ ਮਹਿਤਾ, ਐੱਸ ਡੀ ਈ ਇੰਜ: ਰਾਜੀਵ ਕੁਮਾਰ, ਜੇ ਈ ਇੰਜ: ਅਵਤਾਰ ਸਿੰਘ ਤੋਂ ਇਲਾਵਾ ਇਲਾਕਾ ਵਾਸੀ ਮੌਜੂਦ ਸਨ।

## ਨਗਰ ਪੰਚਾਇਤ ਚੋਣਾਂ 'ਚ ਭਾਜਪਾ ਦਾ ਲੱਗਾ ਬੂਥ



**ਕੋਟ ਈਸੇ ਖਾਂ (ਅਰੋੜਾ)**- ਨਗਰ ਪੰਚਾਇਤ ਚੋਣਾਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਵੱਲੋਂ ਸੀਨੀਅਰ ਆਗੂ ਵਿਕਾਸ ਗਾਬਾ ਦੀ ਅਗਵਾਈ ਹੇਠ ਸ਼ਹਿਰ ਵਿੱਚ ਬੂਥ ਲਗਾਇਆ ਗਿਆ, ਜਿੱਥੇ ਪਾਰਟੀ ਵਰਕਰਾਂ ਤੇ ਸਮਰਥਕਾਂ ਵੱਲੋਂ ਵੋਟਰਾਂ ਦੀ ਸਹੂਲਤ ਲਈ ਪ੍ਰਬੰਧ ਕੀਤੇ ਗਏ।ਇਸ ਮੌਕੇ ਪਾਰਟੀ ਆਗੂਆਂ ਨੇ ਵੋਟਰਾਂ ਨੂੰ ਬਿਨਾਂ ਕਿਸੇ ਡਰ ਤੇ ਲਾਲਚ ਤੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ।ਪਾਰਟੀ ਵਰਕਰਾਂ ਵਿੱਚ ਚੋਣਾਂ ਨੂੰ ਲੈ ਕੇ ਕਾਫੀ ਉਤਸ਼ਾਹ ਵੇਖਣ ਨੂੰ ਮਿਲਿਆ ਤੇ ਉਹ ਸਵੇਰੇ ਤੋਂ ਹੀ ਬੂਥਾਂ 'ਤੇ ਡਟੇ ਰਹੇ।ਆਗੂਆਂ ਨੇ ਕਿਹਾ ਕਿ ਲੋਕਤੰਤਰ ਵਿੱਚ ਹਰ ਇੱਕ ਵੋਟ ਦੀ ਮਹੱਤਤਾ ਹੁੰਦੀ ਹੈ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਮੱਤਦਾਨ ਕਰਨਾ ਚਾਹੀਦਾ ਹੈ।

## ਭਾਈ ਰਾਮ ਸਿੰਘ ਬਣੇ ਬਾਬਾ ਬੁੱਢਾ ਜੀ ਗ੍ਰੰਥੀ ਰਾਗੀ ਸਭਾ ਡੱਬਵਾਲੀ ਦੇ ਪ੍ਰਧਾਨ



**ਸਿਰਸਾ (ਸੁਰਿੰਦਰ ਪਾਲ ਸਿੰਘ)** ਮੰਡੀ ਡੱਬਵਾਲੀ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿਖੇ ਹੋਈ ਬਾਬਾ ਬੁੱਢਾ ਜੀ ਗ੍ਰੰਥੀ ਰਾਗੀ ਸਭਾ ਦੀ ਨਵੀਂ ਚੋਣ ਹਿੱਤ ਮੀਟਿੰਗ ਸਭਾ ਦੇ ਸੰਸਥਾਪਕ ਗਿਅਨੀ ਗਿਆਨ ਸਿੰਘ ਦੀ ਅਗਵਾਈ ਹੇਠ ਹੋਈ। ਗੁਰੂਘਰ ਵਿੱਚ ਇਕੱਤਰ ਹੋਏ ਸਭਾ ਦੇ ਸਾਰੇ ਮੈਂਬਰਾਂ ਵੱਲੋਂ ਪ੍ਰਧਾਨ ਦੀ ਚੋਣ ਸਬੰਧੀ ਮੀਟਿੰਗ ਵਿੱਚ ਕਈ ਤਰ੍ਹਾਂ ਦੇ ਵਿਚਾਰ ਸਾਂਝੇ ਕੀਤੇ ਗਏ ਅਤੇ ਨਾਲ ਹੀ ਸਭ ਦੀ ਮੌਜੂਦਗੀ ਵਿੱਚ ਸਭਾ ਦੇ ਪ੍ਰਧਾਨ ਦੀ ਚੋਣ ਕੀਤੀ ਗਈ। ਗਿਅਨੀ ਗਿਆਨ ਸਿੰਘ ਨੇ ਸਾਡੇ ਪੱਤਰਕਾਰ ਨੂੰ ਦੱਸਿਆ ਕਿ ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਭਾਈ ਰਾਮ ਸਿੰਘ ਨੂੰ ਸਭਾ ਦਾ ਪ੍ਰਧਾਨ ਚੁਣਿਆ ਗਿਆ ਅਤੇ ਭਾਈ ਬਿੱਕਰ ਸਿੰਘ ਤੇ ਭਾਈ ਹਰਪ੍ਰੀਤ ਸਿੰਘ ਹੈਪੀ ਨੂੰ ਸਭਾ ਦੇ ਪ੍ਰਚਾਰਕ ਤੇ ਭਾਈ ਮੰਗਲ ਸਿੰਘ ਪਾਨਾ ਨੂੰ ਸਭਾ ਦੇ ਸਲਾਹਕਾਰ ਬਣਾਇਆ ਗਿਆ। ਭਾਈ ਮਨਦੀਪ ਸਿੰਘ ਰਾਗੀ ਤੇ ਭਾਈ ਵਰਿਆਮ ਸਿੰਘ ਨੂੰ ਮੈਂਬਰ ਬਣਾਇਆ ਗਿਆ। ਇਸ ਮੌਕੇ ਭਾਈ ਰਾਮ ਸਿੰਘ ਵੱਲੋਂ ਸਭ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ ਗਿਆ। ਇਸ ਸਮੇਂ ਸਭਾ ਦੇ ਸਕੱਤਰ ਭਾਈ ਦਲਜੀਤ ਸਿੰਘ, ਖਜ਼ਾਨਚੀ ਬਲਵਿੰਦਰ ਸਿੰਘ, ਨਰਪਤ ਸਿੰਘ, ਹਰਪ੍ਰੀਤ ਸਿੰਘ, ਬਲਦੇਵ ਸਿੰਘ, ਸੂਰਜ ਸਿੰਘ, ਲਵਪ੍ਰੀਤ ਸਿੰਘ, ਸਿਕੰਦਰ ਸਿੰਘ ਸਮੇਤ ਸਾਰੇ ਗੁਰਸਿੱਖ ਮੌਜੂਦ ਰਹੇ।

## ਸ਼ੱਕਰ ਮੰਡੋਰੀ ਦੀ ਮਹਾਂਪੰਚਾਇਤ 'ਚ ਕਿਸਾਨੀ ਮਸਲਿਆਂ 'ਤੇ ਗੰਭੀਰ ਚਰਚਾ

**ਸਿਰਸਾ (ਸੁਰਿੰਦਰ ਪਾਲ ਸਿੰਘ)** ਸਿਰਸਾ ਖੇਤਰ ਦੇ ਪਿੰਡ ਸ਼ੱਕਰ ਮੰਡੋਰੀ ਵਿਖੇ ਕਿਸਾਨਾਂ ਤੇ ਮਜ਼ਦੂਰਾਂ ਦੀ ਮਹਾਂਪੰਚਾਇਤ 'ਚ ਬੋਲਦਿਆਂ ਭਾਦਰਾ ਦੇ ਸਾਬਕਾ ਵਿਧਾਇਕ ਕਾਮਰੇਡ ਬਲਵਾਨ ਸਿੰਘ ਪੂਨੀਆ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਥਾਂ ਅਰਥਹੀਣ ਬਿਆਨ ਦੇ ਕੇ ਲੋਕਾਂ ਵਿਚ ਵੰਡੀਆਂ ਪਾ ਰਾਹੀ ਹੈ। ਉਨ੍ਹਾਂ ਭਾਜਪਾ ਨੂੰ ਛੱਡ ਸਾਰੀਆਂ ਸਿਆਸੀ ਧਿਰਾਂ ਨੂੰ ਇੱਕਜੁੱਟ ਹੋ ਕੇ ਲੜਨ ਦੀ ਅਪੀਲ ਕੀਤੀ। ਆਪਣੇ ਸੰਬੋਧਨ ਵਿੱਚ ਭਾਦਰਾ ਦੇ ਸਾਬਕਾ ਵਿਧਾਇਕ ਬਲਵਾਨ ਪੂਨੀਆ ਨੇ ਮਹਾਂਪੰਚਾਇਤ ਵਿੱਚ ਮੁੱਖ ਤੌਰ 'ਤੇ ਸੀਮਨ ਡਰੇਨ ਦੀ ਸਫਾਈ ਤੇ ਫਸਲਾਂ ਦੇ ਨੁਕਸਾਨ ਲਈ ਮੁਆਵਜ਼ੇ ਵਰਗੇ ਮੁੱਦਿਆਂ 'ਤੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਸੇਮ ਨਾਲੇ ਦੀ ਸਮੱਸਿਆ ਹਰ ਸਾਲ ਬਰਸਾਤ ਦੇ ਮੌਸਮ ਵਿੱਚ ਗੰਭੀਰ ਹੋ ਜਾਂਦੀ ਹੈ, ਜਿਸ ਨਾਲ ਪਿੰਡਾਂ ਨੂੰ ਹੜ੍ਹਾਂ ਦਾ ਖ਼ਤਰਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ 3 ਜੂਨ ਨੂੰ ਓਟੂ ਹੈੱਡ ਵਿਖੇ ਇੱਕ ਕਿਸਾਨ ਮਹਾਂਪੰਚਾਇਤ ਹੋਵੇਗੀ, ਜਿਸ ਲਈ ਸਾਰੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਸੱਦਾ ਦਿੱਤਾ ਗਿਆ ਹੈ। ਆਪਣੇ ਸੰਬੋਧਨ ਵਿੱਚ ਇਨੈਲੋ ਆਗੂ ਸੁਨੈਨਾ ਚੌਟਾਲਾ ਨੇ ਮੰਗ



ਕੀਤੀ ਕਿ ਨੁਕਸਾਨੀਆਂ ਗਈਆਂ ਫਸਲਾਂ ਦਾ ਮੁਆਵਜ਼ਾ ਦਿੱਤਾ ਜਾਵੇ। ਮੰਜੂ ਆਜ਼ਾਦ ਨੇ ਕਿਹਾ ਕਿ ਕਿਸਾਨਾਂ ਤੇ ਮਜ਼ਦੂਰਾਂ ਨੂੰ ਇੱਕਜੁੱਟ ਹੋ ਕੇ ਆਪਣੇ ਹੱਕਾਂ ਲਈ ਲੜਨਾ ਚਾਹੀਦਾ ਹੈ। ਸਰਪੰਚ ਸੰਤੋਸ਼ ਬੈਨੀਵਾਲ ਨੇ ਕਿਹਾ ਕਿ ਸੇਮ ਨਾਲੇ ਦੀ ਸਮੱਸਿਆ ਨਾਲ ਪਿੰਡਾਂ ਨੂੰ ਹੜ੍ਹਾਂ ਦਾ ਖ਼ਤਰਾ ਹੁੰਦਾ ਹੈ। ਕਿਸਾਨ ਆਗੂ ਦੀਵਾਨ ਸਹਾਰਨ ਨੇ ਕਿਹਾ ਕਿ ਨਾਥੂਸਰੀ ਚੋਪਟਾ ਖੇਤਰ ਦੇ ਲਗਭਗ 20 ਪਿੰਡਾਂ ਵਿੱਚ ਪਾਣੀ ਭਰਨ ਦੀ ਸਮੱਸਿਆ ਬਣੀ ਹੋਈ ਹੈ ਤੇ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਂਦੀ ਹੈ, ਜਦੋਂ ਬਰਸਾਤ ਦੇ ਮੌਸਮ ਵਿੱਚ ਸੇਮ ਡਰੇਨ ਦਾ ਪਾਣੀ ਓਵਰਫਲੋ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਫਸਲਾਂ ਪਾਣੀ ਵਿੱਚ ਡੁੱਬ ਜਾਂਦੀਆਂ ਹਨ ਤੇ ਕਿਸਾਨਾਂ ਦੀ ਮਿਹਨਤ ਬਰਬਾਦ ਹੋ ਜਾਂਦੀ ਹੈ। ਇਸ ਕਿਸਾਨ ਮਹਾਂਪੰਚਾਇਤ ਵਿੱਚ ਸਾਬਕਾ ਵਿਧਾਇਕ ਬਲਵਾਨ ਪੂਨੀਆ, ਇਨੈਲੋ ਆਗੂ ਸੁਨੈਨਾ ਚੌਟਾਲਾ, ਕਾਂਗਰਸ ਜ਼ਿਲ੍ਹਾ ਪ੍ਰਧਾਨ ਸੰਤੋਸ਼ ਬੈਨੀਵਾਲ, ਰਵੀ ਆਜ਼ਾਦ ਦੀ ਪਤਨੀ ਮੰਜੂ ਆਜ਼ਾਦ, ਸਰਪੰਚ ਗੀਤਾ ਕਸਾਨੀਆ, ਕਿਸਾਨ ਆਗੂ ਸੰਦੀਪ ਧੀਰਨਵਾਸ, ਪ੍ਰਕਾਸ਼ ਮਮੇਰਾ, ਰਾਜੇਂਦਰ ਬੇਨੀਵਾਲ, ਦਿਆਰਾਮ ਸਹਾਰਨ, ਸਰਪੰਚ ਰਾਜ ਕੁਮਾਰ ਤੋਂ ਬਿਨਾਂ ਭਾਦਰਾ ਤੇ ਨੌਹਰ ਪਿੰਡਾਂ ਦੇ ਸਰਪੰਚ ਅਤੇ ਹਰਿਆਣਾ ਤੇ ਗੁਆਂਢੀ ਰਾਜਸਥਾਨ ਦੇ ਹੋਰ ਕਿਸਾਨ ਆਗੂ ਵੀ ਸ਼ਾਮਲ ਹੋਏ।

## ਮਾਤ ਭਾਸ਼ਾ ਪੰਜਾਬੀ ਨੂੰ ਬਚਾਉਣ ਲਈ ਵਚਨਬੱਧਤਾ ਜ਼ਰੂਰੀ : ਡਾ. ਮਾਹਲ

**ਸਮਰਾਲਾ (ਸੁਰਜੀਤ ਸਿੰਘ)**- ਜਲੰਧਰ ਦੇ ਇੱਕ ਆਰਮੀ ਸਕੂਲ ਦੇ ਪਾਠਕ੍ਰਮ ਵਿੱਚੋਂ ਮਾਂ ਬੋਲੀ ਪੰਜਾਬੀ ਨੂੰ ਮਨਫੀ ਕਰਕੇ ਸੰਸਕ੍ਰਿਤ ਭਾਸ਼ਾ ਨੂੰ ਪਾਠਕ੍ਰਮ ਦਾ ਹਿੱਸਾ ਬਣਾਉਣ 'ਤੇ ਪੰਜਾਬੀ ਸਾਹਿਤਕਾਰਾਂ, ਲੇਖਕਾਂ ਤੇ ਪਾਠਕਾਂ ਵਿੱਚ ਉਬਾਲ ਆ ਗਿਆ ਹੈ।ਇਸੇ ਸਿਲਸਿਲੇ ਵਿੱਚ ਪੰਜਾਬੀ ਨੂੰ ਪਿਆਰ ਕਰਨ ਵਾਲੇ ਲੋਕਾਂ ਨੇ ਆਪਣੇ ਗੁੱਸੇ ਦਾ ਇਜ਼ਹਾਰ ਕਰਨ ਲਈ ਬੀਤੇ ਦਿਨ ਚੰਡੀਗੜ੍ਹ ਦੇ 17 ਸੈਕਟਰ ਵਿੱਚ ਵਿਸ਼ਾਲ ਧਰਨਾ ਦਿੱਤਾ।ਪੰਜਾਬੀ ਕਹਾਣੀਕਾਰਾ ਡਾ. ਯਤਿੰਦਰ ਕੌਰ ਮਾਹਲ ਨੇ



ਇੱਕ ਚੈਨਲ ਨੂੰ ਇੰਟਰਵਿਊ ਦਿੰਦੇ ਹੋਏ ਕਿਹਾ ਕਿ ਪੰਜਾਬ ਭਾਸ਼ਾ ਦੇ ਆਧਾਰ 'ਤੇ ਬਣਿਆ ਹੋਇਆ ਸੂਬਾ ਹੈ, ਪਰ ਕਿਸੇ ਸਾਜ਼ਿਸ਼ ਤਹਿਤ ਪੰਜਾਬ ਦੇ ਅਮੀਰ ਵਿਰਸੇ ਤੇ ਪੰਜਾਬੀਅਤ ਨੂੰ ਖਤਮ ਕੀਤਾ ਜਾ ਰਿਹਾ।ਸਕੂਲਾਂ ਤੇ ਕਾਲਜਾਂ ਵਿੱਚ ਪੰਜਾਬੀ ਦੀ ਬੇਕਦਰੀ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਸਿਤਮਜ਼ਰੀਫੀ ਇਹ ਕਿ ਪੰਜਾਬ ਵਿੱਚ ਰਹਿੰਦਿਆਂ ਹੋਇਆਂ ਮਾਤ ਭਾਸ਼ਾ ਦਿਵਸ ਮਨਾਏ ਜਾਂਦੇ ਹਨ ਤੇ ਮਾਤ ਭਾਸ਼ਾ ਬੋਲਣ ਅਤੇ ਲਿਖਣ ਲਈ ਅਹਿਦ ਲਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਪਣੀ ਮਾਂ ਬੋਲੀ ਲਈ ਅਹਿਦ ਲੈਣਾ ਜ਼ਰੂਰੀ ਹੋ ਗਿਆ।ਡਾ. ਮਾਹਲ ਨੇ ਕਿਹਾ ਕਿ ਪੰਜਾਬੀ ਨੂੰ ਗਵਾਰਾਂ ਦੀ ਪੇਂਡੂ ਭਾਸ਼ਾ ਕਿਹਾ ਜਾ ਰਿਹਾ ਹੈ ਤੇ ਆਪਣੇ ਹੀ ਲੋਕ ਪੰਜਾਬੀ ਬੋਲਣ ਵਿੱਚ ਖੁਦ ਨੂੰ ਛੋਟਾ ਮਹਿਸੂਸ ਕਰਦੇ ਹਨ।ਉਨ੍ਹਾਂ ਕਿਹਾ ਕਿ ਮਾਵਾਂ ਸਕੂਲੀ ਬੱਚਿਆਂ ਨੂੰ ਪੰਜਾਬੀ ਦੀ ਬਜਾਏ ਹਿੰਦੀ ਜਾਂ ਅੰਗਰੇਜ਼ੀ ਬੋਲਣ ਲਈ ਉਤਸ਼ਾਹਤ ਕਰਦੀਆਂ ਹਨ। ਡਾ. ਮਾਹਲ ਨੇ ਕਿਹਾ ਕਿ ਕਾਰਪੋਰੇਟ ਸੈਕਟਰ ਦਾ ਅਜਿਹਾ ਹੇਜ਼ ਲੋਕਾਂ ਦੇ ਸਿਰ 'ਤੇ ਚੜ੍ਹ ਕੇ ਬੋਲਣ ਲੱਗਾ ਕਿ ਪੰਜਾਬੀ ਖੁਦ ਪੰਜਾਬ ਵਿੱਚ ਗੌਣ ਭਾਸ਼ਾ ਬਣ ਕੇ ਰਹਿ ਗਈ।ਉਨ੍ਹਾਂ ਕਿਹਾ ਕਿ ਪੰਜਾਬੀ ਮਾਤ ਭਾਸ਼ਾ ਨੂੰ ਪਹਿਲਾ ਦਰਜਾ ਮਿਲਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬੀ ਦੀ ਨਵ-ਉਸਾਰੀ ਲਈ ਸਰਕਾਰ ਪੰਜਾਬੀ ਨੂੰ ਰੋਜ਼ਗਾਰ ਦੀ ਭਾਸ਼ਾ ਬਣਾਵੇ।ਉਨ੍ਹਾਂ ਕਿਹਾ ਕਿ ਕੋਰੋਨਾ ਕਾਲ ਵਿੱਚ ਸਕੂਲੀ ਬੱਚਿਆਂ ਨੂੰ ਅਜਿਹਾ ਮੋਬਾਈਲ ਕਲਾਸਾਂ 'ਤੇ ਲਾਇਆ ਕਿ ਉਹ ਪੰਜਾਬੀ ਲਿਖਣਾ ਤੇ ਬੋਲਣਾ ਹੀ ਭੁੱਲ ਬੈਠੇ।ਮੋਬਾਈਲ ਦੀ ਵਰਤੋਂ ਨਾਲ ਪੰਜਾਬੀ ਚਿੰਨ੍ਹਾਂ ਦੀ ਭਾਸ਼ਾ ਬਣ ਕੇ ਰਹਿ ਗਈ ਹੈ।ਉਨ੍ਹਾਂ ਕਿਹਾ ਕਿ ਜੇ ਕਿਸੇ ਨੂੰ ਕੋਈ ਸੰਬੋਧਨ ਕਰਨਾ ਹੋਵੇ ਤਾਂ ਨਵੀਂ ਪੀੜ੍ਹੀ ਸੰਦੇਸ਼ ਪੰਜਾਬੀ ਵਿੱਚ ਲਿਖਣ ਦੀ ਬਜਾਏ ਚਿੰਨ੍ਹ ਸੰਦੇਸ਼ ਭੇਜਦੀ ਹੈ, ਜਿਸ ਨਾਲ ਉਨ੍ਹਾਂ ਦਾ ਪੰਜਾਬੀ ਗਿਆਨ ਘਟਦਾ ਜਾ ਰਿਹਾ ਹੈ।ਡਾ. ਮਾਹਲ ਨੇ ਕਿਹਾ ਕਿ ਇਸ ਭਾਵਨਾ ਤਹਿਤ ਸੰਕੇਤਕ ਚਿੰਨ੍ਹ ਮੋਬਾਈਲ ਰਾਹੀਂ ਪੰਜਾਬੀ ਭਾਸ਼ਾ ਨੂੰ ਖਾ ਰਹੇ ਹਨ। ਡਾ. ਮਾਹਲ ਨੇ ਕਿਹਾ ਕਿ ਬੇਸ਼ੱਕ ਸਮੇਂ ਦੇ ਹਾਣੀ ਬਣਨ ਲਈ ਬਦਲਾਅ ਲਾਜ਼ਮੀ ਹੈ, ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰਦੇ ਅਸੀਂ ਆਪਣੀ ਵਿਰਾਸਤ ਨੂੰ ਭੁੱਲ ਕੇ ਆਪਣੀਆਂ ਜੜ੍ਹਾਂ ਤੋਂ ਹੀ ਟੁੱਟ ਜਾਈਏ।ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਆਪਣੇ ਮੂਲ ਨੂੰ ਨਹੀਂ ਭੁੱਲਣਾ ਚਾਹੀਦਾ।ਉਨ੍ਹਾਂ ਮਾਵਾਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਨੂੰ ਆਪਣੀ ਵਿਰਾਸਤ, ਆਪਣੇ ਮੂਲ ਤੇ ਮਾਂ ਬੋਲੀ ਨਾਲ ਜੋੜ ਕੇ ਰੱਖਣ।

## ਨਗਰ ਕੌਂਸਲ ਚੋਣਾਂ ਦੌਰਾਨ ਧੱਕੇਸ਼ਾਹੀ ਦਾ ਲੋਕ ਜਵਾਬ ਦੇਣਗੇ : ਸ਼ੁਭਮ ਸ਼ਰਮਾ/ਵਿਕਾਸ ਜੈਨ

**ਧੂਰੀ (ਮਨੋਹਰ ਸਿੰਘ ਸੱਗੂ)** ਨਗਰ ਕੌਂਸਲ ਲਈ ਪਈਆਂ ਵੋਟਾਂ ਦੌਰਾਨ ਸਵੇਰ ਤੋਂ ਹੀ ਵੱਖ-ਵੱਖ ਵਾਰਡਾਂ ਅੰਦਰ ਸਥਿਤੀ ਤਣਾਓ ਪੂਰਨ ਦੇਖਣ ਨੂੰ ਮਿਲੀ। ਵੋਟਾਂ ਪੈਣ ਦੌਰਾਨ ਕਈ ਵਾਰਡਾਂ ਅੰਦਰ ਧੱਕਾਮੁੱਕੀ ਹੋਈ ਅਤੇ ਉਮੀਦਵਾਰਾਂ ਦੇ ਸਮਰਥਕਾਂ ਦਰਮਿਆਨ ਤਕਰਾਰ ਵੀ ਹੋਇਆ।ਇਸੇ ਦੌਰਾਨ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਬਿੱਟੂ ਭਾਜਪਾ ਵਰਕਰਾਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਧੂਰੀ ਆਰ ਰਹੇ ਸੀ, ਪਰ ਪੁਲਸ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਧੂਰੀ ਸ਼ਹਿਰ 'ਚ ਦਾਖਲ ਨਹੀਂ ਹੋਣ ਦਿੱਤਾ ਗਿਆ, ਸਗੋਂ ਸ਼ਹਿਰੋਂ ਬਾਹਰੋਂ ਮੁੜਨ ਲਈ ਮਜਬੂਰ ਕਰ ਦਿੱਤਾ, ਜਿਸ ਕਾਰਨ ਭਾਜਪਾ ਵਰਕਰਾਂ 'ਚ ਗੁੱਸੇ ਦੀ ਲਹਿਰ ਹੈ।ਦੂਜੇ ਪਾਸੇ ਵਾਰਡ ਨੰਬਰ-14 ਅੰਦਰ ਵਪਾਰ ਮੰਡਲ ਦੇ ਪ੍ਰਧਾਨ ਵਿਕਾਸ ਜੈਨ ਦੀ ਅਣਪਛਾਤਿਆਂ ਵੱਲੋਂ ਕੁੱਟਮਾਰ ਕੀਤੀ ਗਈ। ਯੂਥ ਕਾਂਗਰਸ ਦੇ ਸੂਬਾਈ ਜਨਰਲ ਸਕੱਤਰ ਸ਼ੁਭਮ ਸ਼ਰਮਾ ਸ਼ੁਭੀ ਤੇ ਵਿਕਾਸ ਜੈਨ ਨੇ ਕਿਹਾ ਕਿ ਧੂਰੀ ਦੇ ਲੋਕ ਅਮਨ ਪਸੰਦ ਨੇ, ਪਰ ਪ੍ਰਸ਼ਾਸਨ ਦੇ ਕਥਿਤ ਵਤੀਰੇ ਨੇ ਲੋਕਾਂ ਨੂੰ ਆਗਾਮੀ ਪੰਜਾਬ ਚੋਣਾਂ ਵੇਲੇ ਸੱਤਾਧਾਰੀਆਂ ਦੇ ਖਿਲਾਫ਼ ਭੁਗਤਣ ਲਈ ਸੋਚਣ ਵਾਸਤੇ ਮਜਬੂਰ ਕਰ ਦਿੱਤਾ।ਉਨ੍ਹਾਂ ਕਿਹਾ ਕਿ ਇਸ ਧੱਕੇਸ਼ਾਹੀ ਦਾ ਲੋਕ 2027 ਦੀਆਂ ਚੋਣਾਂ ਵੇਲੇ ਸੱਤਾਧਾਰੀਆਂ ਨੂੰ ਮੂੰਹ ਤੋੜ ਜਵਾਬ ਦੇਣਗੇ।

## ਡੀ ਟੀ ਓ ਕਰਨ ਸਿੰਘ ਦੇ 'ਆਪ' 'ਚ ਸ਼ਾਮਲ ਹੋਣ ਦੀਆਂ ਸੰਭਾਵਨਾਵਾਂ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)** : ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਮਗਰੋਂ ਪਾਰਟੀ ਦੇ ਕੌਮੀ ਜਥੇਬੰਦਕ ਸਕੱਤਰ ਤੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੀ ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ ਦੇ ਪਤੀ

● **ਪੋਲਿੰਗ ਦੌਰਾਨ ਭਲਵਾਨੀ ਗੇੜਿਆਂ ਨੇ ਨਵੀਂ ਚਰਚਾ ਛੇੜੀ**
● **ਸਾਬਕਾ ਵਿਧਾਇਕਾ ਬੀਬੀ ਲੂੰਬਾ ਦੇ ਪਤੀ ਹਨ ਡੀ ਟੀ ਓ ਕਰਨ ਸਿੰਘ**

ਡੀਟੀਓ ਕਰਨ ਸਿੰਘ ਵੱਲੋਂ ਨੇੜ ਭਵਿੱਖ ਵਿੱਚ ਆਪ ਵਿੱਚ ਸ਼ਾਮਲ ਹੋਣ ਦੀਆਂ ਚੱਲ ਰਹੀਆਂ ਚਰਚਾਵਾਂ ਨੇ ਉਸ ਵਕਤ ਹੋਰ ਜ਼ੋਰ ਫੜ ਲਿਆ, ਜਦੋਂ ਨਗਰ ਕੌਂਸਲ ਪਾਤੜਾਂ ਦੀਆਂ ਹੋ ਰਹੀਆਂ ਚੋਣਾਂ ਦੀ ਪੋਲਿੰਗ ਦੌਰਾਨ ਮੰਗਲਵਾਰ ਨੂੰ ਡੀਟੀਓ ਕਰਨ ਸਿੰਘ ਨੇ ਆਪਣੇ ਵੱਡੀ ਗਿਣਤੀ ਵਿੱਚ ਸਮਰਥਕਾਂ ਸਮੇਤ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਲਗਾਏ ਗਏ ਪੋਲਿੰਗ ਬੂਥਾਂ ਉੱਤੇ ਭਲਵਾਨੀ ਗੇੜਾ ਮਾਰਿਆ।ਇਸ ਦੌਰਾਨ ਜਿੱਥੇ ਉਨ੍ਹਾਂ ਨਾਲ ਵੱਡੀ ਗਿਣਤੀ ਵਿੱਚ ਪੁਰਾਣੇ ਅਕਾਲੀ ਸਮਰਥਕ ਹਾਜ਼ਰ ਸਨ, ਉੱਥੇ ਉਹ ਪੋਲਿੰਗ ਬੂਥਾਂ ਉੱਤੇ ਬੈਠੇ ਉਮੀਦਵਾਰਾਂ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਵੀ ਪੂਰੀ ਗਰਮ ਜੋਸ਼ੀ ਨਾਲ ਮਿਲੇ।ਉਨ੍ਹਾਂ ਵੱਲੋਂ ਭਿਆਨਕ ਗਰਮੀ ਦੇ ਇਸ ਮੌਸਮ ਦੌਰਾਨ ਮਾਰੇ ਗਏ



ਇਸ ਭਲਵਾਨੀ ਗੇੜੇ ਨੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੀ ਸਿਆਸਤ ਵਿੱਚ ਗਰਮਾਹਟ ਲਿਆ ਦਿੱਤੀ ਹੈ। ਪੋਲਿੰਗ ਬੂਥਾਂ ਦੇ ਦੌਰੇ ਦੌਰਾਨ ਸ਼ਹਿਰ ਦੇ ਸਭ ਤੋਂ ਵਕਾਰੀ ਵਾਰਡ ਨੰਬਰ ਛੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡੀ ਡੀ ਸਿੰਗਲਾ ਨੂੰ ਉਨ੍ਹਾਂ ਦੇ ਪੋਲਿੰਗ ਬੂਥ ਉੱਤੇ ਪਹੁੰਚ ਕੇ ਮਿਲਦਿਆਂ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।ਉਪਰੰਤ ਉਹ ਵਾਰਡ ਨੰਬਰ ਸੱਤ ਦੇ ਪੋਲਿੰਗ ਬੂਥ ਉੱਤੇ ਪੁੱਜੇ ਤਾਂ ਉਥੇ ਸਾਰੀਆਂ ਸਿਆਸੀ ਪਾਰਟੀਆਂ ਸਮੇਤ ਆਜ਼ਾਦ ਉਮੀਦਵਾਰਾਂ ਤੇ ਉਨ੍ਹਾਂ ਦੇ ਸਮਰਥਕਾਂ ਨੇ ਡੀਟੀਓ ਕਰਨ ਸਿੰਘ ਦਾ ਗਰਮ ਜੋਸ਼ੀ ਨਾਲ ਸਵਾਗਤ ਕੀਤਾ।ਇੱਥੇ ਉਹ ਆਮ ਆਦਮੀ ਪਾਰਟੀ ਦੀ ਉਮੀਦਵਾਰ ਸਵੀਤਾ ਸ਼ਰਮਾ, ਆਜ਼ਾਦ ਉਮੀਦਵਾਰ ਪ੍ਰੇਮ ਲਤਾ ਦੇ ਪਰਵਾਰਾਂ ਸਮੇਤ ਭਾਜਪਾ ਉਮੀਦਵਾਰ ਫਕੀਰ ਚੰਦ ਗੋਇਲ ਨੂੰ ਮਿਲੇ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੀਟੀਓ ਕਰਨ ਸਿੰਘ ਨੇ ਕਿਹਾ ਕਿ ਉਹ ਪਿਛਲੇ ਕਈ ਦਿਨਾਂ ਤੋਂ ਸੋਸ਼ਲ ਮੀਡੀਆ ਸਮੇਤ ਨਿੱਜੀ ਤੌਰ ਉੱਤੇ ਨਗਰ ਕੌਂਸਲ ਪਾਤੜਾਂ ਦੀਆਂ ਚੋਣਾਂ ਨੂੰ ਅਮਨ ਸ਼ਾਂਤੀ ਨਾਲ ਨੇਪਰੇ ਚੜ੍ਹਾਉਣ ਤੇ ਬਿਨਾਂ ਕਿਸੇ ਡਰ ਅਤੇ ਭੈ ਦੇ ਬੇਖੌਫ ਹੋ ਕੇ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨ ਦੀ ਅਪੀਲ ਸ਼ਹਿਰ ਵਾਸੀਆਂ ਨੂੰ ਕਰ ਰਹੇ ਸਨ, ਜਿਸ ਦੇ ਚਲਦਿਆਂ ਸ਼ਹਿਰ ਵਾਸੀਆਂ ਨੇ ਪੋਲਿੰਗ ਵਾਲੇ ਦਿਨ ਉਨ੍ਹਾਂ ਦੀ ਅਪੀਲ ਨੂੰ ਭਰਵਾਂ ਹੁੰਗਾਰਾ ਦਿੱਤਾ, ਜਿਸ ਤੋਂ ਉਹ ਬਾਗੋਬਾਗ ਹਨ।ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦੀਆਂ ਚਰਚਾਵਾਂ ਸਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਸੇਵਕ ਵਜੋਂ ਕੰਮ ਕਰ ਰਹੇ ਹਨ।ਇਲਾਕੇ ਨਾਲ ਉਨ੍ਹਾਂ ਦਾ ਪੁਰਾਣਾ ਰਿਸ਼ਤਾ ਹੈ ਅਤੇ ਭਾਈਚਾਰਕ ਸਾਂਝ ਨੂੰ ਵਧਾਉਣਾ ਉਨ੍ਹਾਂ ਦਾ ਮੁੱਖ ਉਦੇਸ਼ ਹੈ।

## ਲਾਡੀ ਢੋਸ ਵੱਲੋਂ ਵਾਰਡ ਨੰਬਰ 3 ਦੇ ਬੂਥ ਦਾ ਦੌਰਾ



**ਕੋਟ ਈਸੇ ਖਾਂ, (ਅਰੋੜਾ)** ਨਗਰ ਪੰਚਾਇਤ ਚੋਣਾਂ ਦੌਰਾਨ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਵਾਰਡ ਨੰਬਰ 3 ਤੋਂ ਉਮੀਦਵਾਰ ਦਰਸ਼ਨਾ ਰਾਣੀ ਭੱਟੀ ਪਤਨੀ ਸੁਰਿੰਦਰਪਾਲ ਸ਼ਿੰਦੂ ਵੱਲੋਂ ਲਾਏ ਗਏ ਬੂਥ 'ਤੇ ਪਹੁੰਚ ਕੇ ਚੋਣ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਉਨ੍ਹਾਂ ਵਰਕਰਾਂ ਤੇ ਸਮਰਥਕਾਂ ਨਾਲ ਗੱਲਬਾਤ ਕਰਦੇ ਹੋਏ ਚੋਣਾਂ ਨੂੰ ਸ਼ਾਂਤਮਈ ਅਤੇ ਲੋਕਤੰਤਰੀ ਢੰਗ ਨਾਲ ਨੇਪਰੇ ਚੜ੍ਹਾਉਣ ਦੀ ਅਪੀਲ ਕੀਤੀ।

ਵਿਧਾਇਕ ਲਾਡੀ ਢੋਸ ਨੇ ਕਿਹਾ ਕਿ ਲੋਕਾਂ ਵਿੱਚ ਚੋਣਾਂ ਨੂੰ ਲੈ ਕੇ ਕਾਫੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ ਤੇ ਵੋਟਰ ਆਪਣੇ ਮਤ ਦਾ ਇਸਤੇਮਾਲ ਪੂਰੀ ਨਿਡਰਤਾ ਨਾਲ ਕਰ ਰਹੇ ਹਨ।ਇਸ ਦੌਰਾਨ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਤੇ ਇਲਾਕਾ ਨਿਵਾਸੀ ਵੀ ਮੌਜੂਦ ਰਹੇ।

## ਸਮਾਣਾ ਨਗਰ ਕੌਂਸਲ ਚੋਣਾਂ 'ਚ ਖੜਕਾ-ਦੜਕਾ, ਕਈ ਥਾਂ ਚੱਲੀਆਂ ਡਾਂਗਾਂ ਤੇ ਇੱਟਾਂ-ਰੋੜੇ

### ਪੁਲਸ ਵੱਲੋਂ ਹਵਾਈ ਫਾਇਰਿੰਗ, ਟਕਰਾਅ ਦੌਰਾਨ ਕਰੰਟ ਲੱਗਣ ਨਾਲ ਇੱਕ ਜ਼ਖਮੀ

**ਸਮਾਣਾ (ਇਕਬਾਲ ਸਿੰਘ ਬੱਲ)** ਸਮਾਣਾ ਨਗਰ ਕੌਂਸਲ ਦੀਆਂ ਚੋਣਾਂ ਅੱਜ ਭਾਰੀ ਹੰਗਾਮੇ, ਹਿੰਸਾ ਤੇ ਖੜਕੇ-ਦੜਕੇ ਦਰਮਿਆਨ ਸੰਪੰਨ ਹੋਈਆਂ।ਵੋਟਾਂ ਪਾਉਣ ਦੌਰਾਨ ਸ਼ਹਿਰ ਦੇ ਕਈ ਵਾਰਡਾਂ ਤੇ ਬੂਥਾਂ 'ਤੇ ਸਥਿਤੀ ਬੇਹੱਦ ਤਣਾਅਪੂਰਨ ਬਣੀ ਰਹੀ, ਜਿਸ ਦੇ ਬਾਵਜੂਦ ਕਰੀਬ 50 ਫ਼ੀਸਦੀ ਮਤਦਾਨ ਦਰਜ ਕੀਤਾ ਗਿਆ। ਚੋਣਾਂ ਦਰਮਿਆਨ ਅੱਜ ਉਸ ਵੇਲੇ ਇੱਕ ਮੰਦਭਾਗੀ ਤੇ ਵੱਡੀ ਘਟਨਾ ਵਾਪਰੀ, ਜਦੋਂ ਦੋ ਧਿਰਾਂ ਵਿਚਾਲੇ ਹੁੰਦੀ ਜ਼ਬਰਦਸਤ ਲੜਾਈ ਤੇ ਭਜਦੜ ਦਰਮਿਆਨ ਇੱਕ ਵਿਅਕਤੀ ਨੂੰ ਅਚਾਨਕ ਬਿਜਲੀ ਦਾ ਕਰੰਟ ਲੱਗ ਗਿਆ।ਕਰੰਟ ਲੱਗਣ ਕਾਰਨ ਉਕਤ ਵਿਅਕਤੀ ਦੀ ਹਾਲਤ ਬੇਹੱਦ ਗੰਭੀਰ ਹੋ ਗਈ, ਜਿਸ ਨੂੰ ਤੁਰੰਤ ਮੁਢਲੀ ਸਹਾਇਤਾ ਤੋਂ ਬਾਅਦ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਰੈਫਰ ਕੀਤਾ ਗਿਆ, ਜਿੱਥੇ ਉਹ ਇਸ ਵੇਲੇ ਜ਼ੇਰੇ ਇਲਾਜ ਹੈ ਤੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਇਸ ਤੋਂ ਪਹਿਲਾਂ, ਇੱਕ ਵਾਰਡ ਵਿੱਚ ਦੋ



ਧਿਰਾਂ ਦੇ ਆਹਮੋ-ਸਾਹਮਣੇ ਹੋਣ ਕਾਰਨ ਮਾਹੌਲ ਬਹੁਤ ਜ਼ਿਆਦਾ ਗੰਭੀਰ ਰੂਪ ਧਾਰਨ ਕਰ ਗਿਆ ਸੀ।ਹਾਲਾਤ ਇੰਨੇ ਬੇਕਾਬੂ ਹੋ ਗਏ ਕਿ ਮੌਕੇ 'ਤੇ ਤਾਇਨਾਤ ਪੁਲਿਸ ਪ੍ਰਸ਼ਾਸਨ ਨੂੰ ਸਥਿਤੀ 'ਤੇ ਕਾਬੂ ਪਾਉਣ ਤੇ ਹਿੰਸਕ ਹੋ ਰਹੀ ਭੀੜ ਨੂੰ ਖਿੰਡਾਉਣ ਲਈ ਹਵਾਈ ਫਾਇਰਿੰਗ ਵੀ ਕਰਨੇ ਪਈ।ਪੁਲਸ ਦੀ ਇਸ ਸਖ਼ਤ ਕਾਰਵਾਈ ਤੋਂ ਬਾਅਦ ਹੀ ਮਾਮਲਾ ਸ਼ਾਂਤ ਹੋ ਸਕਿਆ। ਇਸ ਤੋਂ ਇਲਾਵਾ ਸ਼ਹਿਰ ਦੇ ਕਈ ਹੋਰ ਵਾਰਡਾਂ ਵਿੱਚ ਵੀ ਸ਼ਰੇਆਮ ਡਾਂਗਾਂ-ਸੋਟੇ ਤੇ ਇੱਟਾਂ-ਰੋੜੇ ਚੱਲਣ ਦੀਆਂ ਖ਼ਬਰਾਂ ਸਾਹਮਣੇ ਆਈਆਂ, ਜਿਸ ਕਾਰਨ ਆਮ ਵੋਟਰਾਂ ਵਿੱਚ ਭਾਰੀ ਸਹਿਮ ਤੇ ਡਰ ਦਾ ਮਾਹੌਲ ਦੇਖਣ ਨੂੰ ਮਿਲਿਆ। ਇਸੇ ਦੌਰਾਨ ਵਾਰਡ ਨੰਬਰ 3 ਦੇ ਬੂਥ ਨੰਬਰ 6 'ਤੇ ਵੀ ਸਥਿਤੀ ਉਸ ਵੇਲੇ ਤਣਾਅਪੂਰਨ ਹੋ ਗਈ, ਜਦੋਂ ਉੱਥੇ ਮੌਜੂਦ ਲੋਕਾਂ ਵਿੱਚ ਥੋੜ੍ਹੀ ਬਹੁਤੀ ਹਿਲਜੁਲ ਤੇ ਬਹਿਸਬਾਜ਼ੀ ਦੇਖਣ ਨੂੰ ਮਿਲੀ, ਜਿਸ ਕਾਰਨ ਕੁਝ ਸਮੇਂ ਲਈ ਪੋਲਿੰਗ ਦਾ ਕੰਮਕਾਜ ਪ੍ਰਭਾਵਿਤ ਹੋਇਆ।ਫਿਲਹਾਲ ਚੋਣਾਂ ਦਾ ਅਮਲ ਪੂਰਾ ਹੋ ਚੁੱਕਾ ਹੈ ਤੇ ਵੱਖ-ਵੱਖ ਵਾਰਡਾਂ ਤੋਂ ਖੜ੍ਹੇ ਉਮੀਦਵਾਰਾਂ ਦੀ ਸਿਆਸੀ ਕਿਸਮਤ ਬੈਲਟ ਬਾਕਸਿਆਂ ਵਿੱਚ ਬੰਦ ਹੋ ਗਈ ਹੈ।

## ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਕਮੇਟੀ ਮੋਗਾ ਦੀ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**- ਯੂਨੀਅਨ ਜ਼ਿਲ੍ਹਾ ਕਮੇਟੀ ਮੋਗਾ ਦੀ ਮੀਟਿੰਗ ਕੀਤੀ ਗਈ।ਇਹ ਮੀਟਿੰਗ ਜ਼ਿਲ੍ਹਾ ਮੀਤ ਪ੍ਰਧਾਨ ਜਸਪਾਲ ਸਿੰਘ ਪੁਰਾਣੇਵਾਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਨਿਰਭੈਅ ਸਿੰਘ ਢੁੱਡੀਕੇ ਨੇ ਵਿਸ਼ੇਸ਼ ਸ਼ਿਰਕਤ ਕੀਤੀ ਤੇ ਉਨ੍ਹਾਂ ਦੱਸਿਆ ਕਿ 2 ਜੂਨ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਡੀ ਸੀ ਦਫਤਰਾ ਅੱਗੇ ਇੱਕ ਰੋਜ਼ਾ ਧਰਨਾ ਦੇ ਕੇ ਦੇਸ਼ ਵਿੱਚ ਵੱਧ ਰਹੀ ਮਹਿੰਗਾਈ ਦੀ ਮਾਰ ਝੱਲ ਰਹੇ ਲੋਕਾਂ ਦੀ ਹਾਲਤ ਬਹੁਤ ਨਾਜੁਕ ਹੋ ਚੁੱਕੀ ਹੈਸ ਕਿਉਂਕਿ ਭਾਰਤ ਸਰਕਾਰ ਅਮਰੀਕੀ ਸਾਮਰਾਜ ਦੇ ਦਬਾਅ ਥੱਲੇ ਸਸਤਾ ਕੱਚਾ ਤੇਲ ਖ਼੍ਰੀਦਣ ਦੀ ਬਜਾਏ ਅਮਰੀਕਾ ਤੋਂ ਮਹਿੰਗਾ ਤੇਲ ਖ਼੍ਰੀਦ ਕੇ ਦੇਸ਼ ਦੇ ਲੋਕਾਂ 'ਤੇ ਮਹਿੰਗਾਈ ਦੀ ਮਾਰ ਪਾ ਰਹੀ ਹੈ, ਜਿਸ ਕਰਕੇ ਪਿਛਲੇ 8 ਦਿਨਾਂ ਵਿੱਚ 8 ਰੁਪਏ ਦੇ ਕਰੀਬ ਮਹਿੰਗਾ ਹੋ ਗਿਆ ਹੈ, ਜਿਸ ਦੇ ਰੋਸ ਵਜੋ 2 ਜੂਨ ਨੂੰ ਮੋਗਾ ਦੇ ਡੀ ਸੀ ਦਫਤਰ ਅੱਗੇ ਧਰਨਾ ਦਿੱਤਾ ਜਾਵੇਗਾ।ਇਸ ਮੌਕੇ ਜ਼ਿਲ੍ਹਾ ਸਕੱਤਰ ਚਮਕੌਰ ਸਿੰਘ ਰੋਡੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 31 ਮਈ ਨੂੰ ਪਿੰਡ ਘੱਲ ਕਲਾਂ ਵਿਖੇ ਜ਼ਿਲ੍ਹੇ ਦਾ ਡੈਲੀਗੇਟ ਇਜਲਾਸ ਕੀਤਾ ਜਾਵੇਗਾ, ਜੋ ਜਥੇਬੰਦੀ ਵੱਲੋਂ ਪਹਿਲਾਂ ਪਿੰਡ ਕਮੇਟੀਆਂ ਦੀ ਚੋਣ ਕਰਕੇ ਮੋਗੇ ਪੰਜਾਂ ਬਲਾਕਾਂ ਦਾ ਡੈਲੀਗੇਟ ਇਜਲਾਸ ਕੀਤਾ ਜਾ ਚੁੱਕਾ ਹੈ।ਸਾਰੇ ਜ਼ਿਲ੍ਹੇ ਦੀਆਂ ਇਕਾਈਆਂ ਤੋਂ ਡੈਲੀਗੇਟ ਇਸ ਇਜਲਾਸ ਵਿੱਚ ਪਹੁੰਚਣਗੇ। ਇਸ ਮੌਕੇ ਮੁਖਤਿਆਰ ਸਿੰਘ ਕਾਹਨ ਸਿੰਘ ਵਾਲਾ, ਮੋਹਨ ਸਿੰਘ ਡਾਲਾ, ਛਿੰਦਰਪਾਲ ਕੌਰ ਰੋਡੇ, ਬੇਅੰਤ ਸਿੰਘ ਮੱਲੇਆਣਾ, ਕੁਲਜੀਤ ਸਿੰਘ ਭੋਲਾ, ਬੂਟਾ ਸਿੰਘ ਤਰਖਾਣਬੱਧ, ਤੀਰਥਵਿੰਦਰ ਸਿੰਘ ਘੱਲ ਕਲਾਂ , ਅਜਮੇਰ ਸਿੰਘ ਛੋਟਾਘਰ, ਤਾਰ ਸਿੰਘ ਡਾਲਾ ਹਾਜ਼ਰ ਸਨ।

## ਘੂਕ ਸੁੱਤੀ ਪੰਜਾਬ ਸਰਕਾਰ ਨੂੰ ਬੀਨ ਵਜਾ ਕੇ ਜਗਾਉਣਗੇ ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਵਾਲੇ ਮੁਲਾਜ਼ਮ : ਅਲੀਸ਼ੇਰ

**ਮਾਨਸਾ (ਆਤਮਾ ਸਿੰਘ ਪਮਾਰ)**- ਪੰਜਾਬ ਸਰਕਾਰ ਦੇ ਲਾਰਿਆਂ ਤੋਂ ਅੱਕੇ ਪੂਰੇ ਪੰਜਾਬ ਦੇ 2004 ਤੋਂ ਬਾਅਦ ਭਰਤੀ ਹੋਏ ਐੱਨਪੀਐੱਸ ਕਰਮਚਾਰੀ ਲੰਬੇ ਸਮੇਂ ਤੋਂ ਇਸ ਮੁੱਦੇ ਤੇ ਸੰਘਰਸ਼ ਕਰ ਰਹੀਆਂ ਤਿੰਨ ਜਥੇਬੰਦੀਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ, ਸੀਪੀਐੱਫ ਕਰਮਚਾਰੀ ਯੂਨੀਅਨ ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੇ ਆਗੂਆਂ ਨੇ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੰਚ ਦੇ ਬੈਨਰ ਹੇਠ ਸਰਕਾਰ ਵਿਰੁੱਧ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ।ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕਨਵੀਨਰ ਦਰਸ਼ਨ ਸਿੰਘ ਅਲੀਸ਼ੇਰ, ਜ਼ਿਲ੍ਹਾ ਕੋ-ਕਨਵੀਨਰ ਲਖਵਿੰਦਰ ਸਿੰਘ ਮਾਨ ਤੇ ਸਟੇਟ ਕੋ-ਕਨਵੀਨਰ ਕਰਮਜੀਤ ਸਿੰਘ ਤਾਮਕੋਟ ਨੇ ਕਿਹਾ ਕਿ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਬਹਾਲੀ ਦੇ ਆਪਣੇ ਚੋਣ ਵਾਅਦੇ ਤੋਂ ਮੁਨਕਰ ਹੋ ਗਈ ਹੈ।ਚਾਰ ਸਾਲ ਬੀਤਣ ਉਪਰੰਤ ਵੀ ਆਪਣਾ ਹੀ ਕੀਤਾ ਹੋਇਆ ਪੁਰਾਣੀ ਪੈਨਸ਼ਨ ਬਹਾਲੀ ਦਾ 18 ਨਵੰਬਰ 2022 ਦਾ ਨੋਟੀਫਿਕੇਸ਼ਨ ਲਾਗੂ ਕਰਨਾ ਭੁੱਲ ਗਈ ਹੈ।ਸਰਕਾਰ ਦੀ ਇਸ ਵਾਅਦਾ ਖਿਲਾਫੀ ਦੇ ਰੋਸ ਵਜੋਂ ਮੰਚ ਨੇ ਫੈਸਲਾ ਕੀਤਾ ਹੈ ਕਿ 28 ਮਈ ਨੂੰ ਪੰਜਾਬ ਸਰਕਾਰ ਦੇ ਨਾਲ ਮੱਝ ਦੇ ਬੈਨਰ ਅੱਗੇ



ਵੀਨ ਵਜਾਉਣਗੇ, ਕਿਉਂਕਿ ਸਰਕਾਰ ਹੁਣ ਮੁਲਾਜ਼ਮ ਮੰਗਾਂ ਨੂੰ

● **ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਲਈ ਬਲਾਕ ਪੱਧਰ 'ਤੇ ਵਿੱਢੀਆਂ ਤਿਆਰੀਆਂ**

ਅਣਗੌਲਿਆ ਤੇ ਲਗਾਤਾਰ ਅਣਡਿੱਠ ਕਰ ਰਹੀ ਹੈ। ਇਸ ਤੋਂ ਬਾਅਦ 4 ਜੁਲਾਈ ਨੂੰ ਮੋਗਾ ਵਿਖੇ ਕਨਵੈਨਸ਼ਨ ਕੀਤੀ ਜਾਵੇਗੀ।ਇਸ ਕਨਵੈਨਸ਼ਨ 'ਚ ਮੁੱਖ ਮੰਤਰੀ ਤੇ ਵਿੱਤ ਮੰਤਰੀ ਨੂੰ ਵਿਸ਼ੇਸ਼ ਸੱਦਾ ਦਿੱਤਾ ਜਾਵੇਗਾ ਤੇ ਉਨ੍ਹਾਂ ਦੀਆਂ ਕੁਰਸੀਆਂ ਵੀ ਲਗਾਈਆਂ ਜਾਣਗੀਆਂ ਤਾਂ ਕਿ ਉਹ ਮੁਲਾਜ਼ਮਾਂ ਦੇ ਭਖਦੇ ਮਸਲਿਆਂ 'ਤੇ ਆਪਣੇ ਵਿਚਾਰ ਸਾਂਝੇ ਕਰਨ, ਜੇਕਰ ਮੁੱਖ ਮੰਤਰੀ ਇਸ ਕਨਵੈਨਸ਼ਨ ਵਿੱਚ ਨਾ ਆਏ ਤਾਂ 23 ਅਗਸਤ ਨੂੰ ਪਿੰਡ ਸਤੌਜ ਵਿਖੇ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੰਚ ਵੱਲੋਂ ਮਹਾਂਰੈਲੀ ਕੀਤੀ ਜਾਵੇਗੀ, ਜਿਸ ਸਬੰਧੀ ਕਰਮਚਾਰੀਆਂ ਨੇ ਬਲਾਕ ਪੱਧਰੀ ਤਿਆਰੀਆਂ ਵਿੱਢ ਦਿੱਤੀਆਂ ਹਨ। ਇਸ ਮੌਕੇ ਗੁਰਪ੍ਰੀਤ ਦਲੇਲਵਾਲਾ, ਜਸਵਿੰਦਰ ਜੋਗਾ, ਬੇਅੰਤ ਰੜ, ਨਵੀਨ ਬੋਹਾ, ਰਾਜਵਿੰਦਰ ਬਹਿਣੀਵਾਲ, ਜਨਕ ਸਮਾਓਂ, ਜਤਿੰਦਰ ਪਾਲ ਭੀਖੀ, ਗੁਰਜੀਤ ਰੜ, ਦਰਸ਼ਨ ਜਟਾਣਾਂ, ਹਰਜਿੰਦਰ ਅਨੂਪਗੜ੍ਹ, ਇਕਬਾਲ ਉੱਭਾ, ਰਾਜ ਹੀਰੋਂ, ਜਗਵੰਤ ਚਾਹਿਲਾਂਵਾਲੀ, ਈਸ਼ਵਰ ਦਾਸ, ਗੁਰਵਿੰਦਰ ਬਹਿਣੀਵਾਲ, ਸੁਖਵੰਤ ਸਮਾਓਂ, ਹਰਦੀਪ ਮੱਤੀ, ਚਮਕੌਰ ਹੀਰੋ, ਸਿਕੰਦਰ ਰੜ, ਕਸ਼ਮੀਰ ਰੜ, ਕੁਲਵਿੰਦਰ ਸ਼ੇਰਿਆਂਵਾਲੀ, ਅੰਗਰੇਜ਼ ਸਿੰਘ, ਸ਼ਮਸ਼ੇਰ ਬਰੇਟਾ, ਵਿਨੋਦ ਬਰੇਟਾ, ਜੁਗਰਾਜ ਭੀਖੀ, ਬਲਵਿੰਦਰ ਭੀਖੀ, ਜੁਗਰਾਜ ਭੀਖੀ, ਬਲਵੰਤ ਸਿੰਘ, ਜਗਜੀਵਨ ਸਿੰਘ, ਅਜੈਬ ਟਾਂਡੀਆਂ, ਨਵਜੋਸ਼ ਸਪੋਲੀਆ, ਹਰਜੀਤ ਜੋਗਾ, ਦਰਸ਼ਨ ਜੋਗਾ, ਸੁਖਪਾਲ ਅਕਲੀਆ, ਰਾਜੇਸ਼ ਕੁਮਾਰ ਆਦਿ ਆਗੂ ਹਾਜ਼ਰ ਸਨ।

## ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਯਾਦਗਾਰੀ ਸਮਾਗਮ 'ਚ ਸਿਰਕੱਢ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ

**ਲੁਧਿਆਣਾ (ਰੈਕਟਰ ਕਥੂਰੀਆ)** ਆਜ਼ਾਦੀ ਸੰਘਰਸ਼ ਦੇ ਇਤਿਹਾਸਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੀ ਯਾਦ ਵਿੱਚ ਪੀਪਲਜ਼ ਕਨਵੈਨਸ਼ਨ ਸੈਂਟਰ ਚੰਡੀਗੜ੍ਹ ਵਿਖੇ ਇੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਿਰਕੱਢ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਜੰਗ-ਏ-ਆਜ਼ਾਦੀ ਦੇ ਤੱਥਮੂਲਕ ਇਤਿਹਾਸਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕਰਦਿਆਂ ਸ਼ਹੀਦ ਭਗਤ ਸਿੰਘ ਦੇ ਭਣੇਵੇਂ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਹੈ ਕਿ ਉਹ ਮੇਰੇ ਅਧਿਆਪਕ ਹੀ ਨਹੀਂ ਸਨ, ਸਗੋਂ ਮੇਰੇ ਰਾਹ ਦਰਸਾਵੇ ਵੀ ਸਨ।ਮੈਨੂੰ

● **ਪੁਸਤਕ 'ਸਿਮਰਤੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ' ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਵੱਲੋਂ ਲੋਕ ਅਰਪਣ**

ਚੇਤਾ ਹੈ ਕਿ ਸਾਈਕਲ ਸਵਾਰ ਹੋ ਕੇ 6 ਜੂਨ 1966 ਨੂੰ ਮੈਂ ਤੇ ਰਾਜਿੰਦਰ ਸਿੰਘ ਚੀਮਾ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਨਾਲ ਬਾਬਾ ਸੋਹਣ ਸਿੰਘ ਭਕਨਾ ਨੂੰ ਮਿਲਣ ਲਈ ਪਿੰਡ ਭਕਨਾ (ਅੰਮ੍ਰਿਤਸਰ) ਗਏ ਸਾਂ।ਬਾਬਾ ਭਕਨਾ ਨੇ ਪ੍ਰੋਫ਼ੈਸਰ ਸਾਹਿਬ ਦੇ ਉਰਦੂ ਗਿਆਨ ਨੂੰ ਧਿਆਨ ਵਿੱਚ ਰੱਖਦਿਆਂ ਆਪਣੀ ਲਿਖੀ ਸਵੈ-ਜੀਵਨੀ 'ਜੀਵਨ ਸੰਗਰਾਮ' ਉਨ੍ਹਾਂ ਨੂੰ ਗੁਰਮੁਖੀ ਵਿੱਚ ਲਿੱਪੀ ਅੰਤਰ ਕਰਕੇ ਛਾਪਣ ਲਈ ਸੌਂਪਿਆ ਸੀ।ਇਹੀ ਲਿਖਤ ਯੁਵਕ ਕੇਂਦਰ ਦੀ ਪਹਿਲੀ ਵੱਡ ਆਕਾਰੀ ਮਹੱਤਵਪੂਰਨ ਪ੍ਰਕਾਸ਼ਨਾ ਬਣੀ। ਅਜੀਤ ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨੇ ਬੋਲਦਿਆਂ ਕਿਹਾ ਕਿ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਹਮੇਸ਼ਾ ਇਸ ਗੱਲ ਲਈ ਚਿੰਤਤ ਰਹਿੰਦੇ ਸਨ ਕਿ ਸ਼ਹੀਦਾਂ ਤੇ ਸੁਤੰਤਰਤਾ ਸੰਗਰਾਮੀਆਂ ਨੇ ਦੇਸ਼ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ, ਪਰ ਉਨ੍ਹਾਂ ਦੀ ਯਾਦ ਤੇ ਵਿਚਾਰ ਨਵੀਂ ਪੀੜ੍ਹੀ ਦੇ ਮਨਾਂ ਵਿੱਚ ਸਹੀ ਥਾਂ ਗ੍ਰਹਿਣ ਨਹੀਂ ਕਰ ਰਹੇ।ਉਨ੍ਹਾਂ ਕਿਹਾ ਕਿ ਜੇਕਰ ਬਾਬਾ ਸੋਹਣ ਸਿੰਘ ਭਕਨਾ ਤੇ ਸ਼ਹੀਦ ਭਗਤ ਸਿੰਘ ਦੇ ਮਾਤਾ ਬੀਬੀ ਵਿੱਦਿਆ ਵਤੀ ਦੀ ਸੰਗਤ ਦਾ ਸੁਭਾਗ ਮੈਨੂੰ ਮਿਲਿਆ ਤਾਂ ਇਸ ਦਾ ਸਿਹਰਾ ਵੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ ਹੀ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਜਦੋਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ 'ਜੰਗ-ਏ-ਆਜ਼ਾਦੀ' ਦੇ ਇਤਿਹਾਸ ਨਾਲ ਸਬੰਧਤ ਯਾਦਗਾਰ ਦਾ ਚੇਅਰਮੈਨ ਥਾਪਿਆ ਗਿਆ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਪ੍ਰੋ. ਵੜੈਚ ਨਾਲ ਸੰਪਰਕ ਕੀਤਾ।ਪ੍ਰੋ. ਵੜੈਚ ਨੇ ਉਨ੍ਹਾਂ ਨੂੰ ਕਈ ਅਹਿਮ ਕਿਤਾਬਾਂ ਤੇ ਹਵਾਲਾ ਸਮੱਗਰੀ ਵੀ ਦਿੱਤੀ।ਡਾ. ਹਮਦਰਦ ਨੇ ਕਿਹਾ ਕਿ ਪ੍ਰੋ. ਵੜੈਚ ਜਿੰਨੇ ਵੱਡੇ ਵਿਦਵਾਨ ਸਨ, ਓਨੇ ਹੀ ਨਿੱਘੇ ਤੇ ਸਾਦਗੀਪਸੰਦ ਇਨਸਾਨ ਵੀ ਸਨ।ਉਨ੍ਹਾਂ ਕਿਹਾ ਕਿ ਪ੍ਰੋ. ਵੜੈਚ ਵਰਗੀਆਂ ਸ਼ਖ਼ਸੀਅਤਾਂ ਸਰੀਰਕ ਤੌਰ 'ਤੇ ਭਾਵੇਂ ਸਾਡੇ ਵਿੱਚ ਨਹੀਂ ਰਹੀਆਂ, ਪਰ ਉਨ੍ਹਾਂ ਦੀ ਸੋਚ ਤੇ ਮਿਸ਼ਨ ਸਮਾਜ ਨੂੰ ਹਮੇਸ਼ਾ ਰਾਹ ਦਿਖਾਉਂਦਾ ਰਹੇਗਾ।ਸਿਡਨੀ (ਆਸਟ੍ਰੇਲੀਆ) ਤੋਂ ਆਨਲਾਈਨ ਵਿਚਾਰ ਪ੍ਰਗਟ ਕਰਦਿਆਂ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਨੇ ਕਿਹਾ ਕਿ ਬੇਸ਼ਕ ਪ੍ਰੋ. ਵੜੈਚ ਜਿਸਮਾਨੀ ਤੌਰ 'ਤੇ ਸਾਡੇ ਵਿਚਕਾਰ ਨਹੀਂ ਰਹੇ, ਪਰ ਉਨ੍ਹਾਂ ਦਾ ਨਿੱਘੀ ਮੁਹੱਬਤ, ਲਿਖਤਾਂ ਤੇ ਵਿਚਾਰ ਧਾਰਾ ਭਵਿੱਖ 'ਚ ਵੀ ਸਾਰਥਕ ਰਹੇਗੀ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਭਣੇਵੇਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ੍ਰ. ਰਾਜਿੰਦਰ ਸਿੰਘ ਚੀਮਾ ਨੇ ਕਿਹਾ ਕਿ ਪਰਿਵਾਰਕ ਫ਼ੈਸਲੇ ਅਨੁਸਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੀ ਯਾਦ ਵਿੱਚ ਸਿਮਰਤੀ



ਗ੍ਰੰਥ ਛੇ ਮਹੀਨੇ ਦੇ ਅੰਦਰ ਤਿਆਰ ਕੀਤਾ ਜਾਵੇਗਾ।ਉਨ੍ਹਾਂ ਬਾਰੇ ਲਿਖਤ ਸਮੱਗਰੀ ਸਾਨੂੰ 31 ਅਗਸਤ ਤੀਕ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਸ ਨੂੰ ਸਮੇਂ ਸਿਰ ਪ੍ਰਕਾਸ਼ਿਤ ਕੀਤਾ ਜਾ ਸਕੇ। ਇਸ ਮੌਕੇ ਉੱਘੇ ਚਿੰਤਕ ਹਰੀਸ਼ ਜੈਨ ਮਾਲਕ ਯੂਨੀਸਟਾਰ, ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਤੇ ਲੇਖਕ ਡਾ. ਸਵਰਾਜਬੀਰ, ਡਾ. ਗੁਰਦੇਵ ਸਿੰਘ ਸਿੱਧੂ ਸਾਬਕਾ ਵਾਈਸ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਦੇਸ਼ ਭਗਤ ਯਾਦਗਾਰ ਹਾਲ ਵੱਲੋਂ ਅਮੋਲਕ ਸਿੰਘ, ਗੁਰੂ ਨਾਨਕ ਇੰਜਨੀਰਿੰਗ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਸੰਸਥਾ ਦੇ ਆਲਮੀ ਪ੍ਰਧਾਨ ਸੁਰਿੰਦਰ ਮੋਹਨ ਸਿੰਘ ਸੰਧੂ, ਮਨੋਹਰ ਸਿੰਘ ਚੁੱਘਾ (ਮੋਗਾ) ਨਾਮਧਾਰੀ ਦਰਬਾਰ ਵੱਲੋਂ ਸੁਵਰਨ ਸਿੰਘ ਵਿਰਕ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਪੰਜਾਬੀ ਲੋਕ ਵਿਰਾਸਤ ਅਕੈਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਪ੍ਰੋ. ਵੜੈਚ ਸਿਰਫ਼ ਜੰਗ-ਏ-ਆਜ਼ਾਦੀ ਲਹਿਰਾਂ ਦੇ ਤੱਥ ਮੂਲਕ ਇਤਿਹਾਸਕਾਰ ਹੀ ਨਹੀਂ ਸਨ, ਸਗੋਂ ਵਰਤਮਾਨ ਅਨਿਆਂ ਤੇ ਜਬਰ ਜ਼ੁਲਮ ਖਿਲਾਫ਼ ਸੋਚਣ ਸਮਝਣ ਤੇ ਵਿਸ਼ਲੇਸ਼ਣ ਕਰਨ ਵਾਲੀ ਜਵਾਨੀ ਦੇ ਰਾਹ ਦਸੇਰਾ ਵੀ ਸਨ।ਇਸ ਮੌਕੇ ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਵੱਲੋਂ ਪੱਖੋਂ ਗੁਰਭਜਨ ਗਿੱਲ ਦੀ ਸੰਪਾਦਨਾ ਹੇਠ ਤਿਆਰ ਪੁਸਤਕ ਸਿਮਰਤੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ ਡਾ. ਬਰਜਿੰਦਰ ਸਿੰਘ ਹਮਦਰਦ, ਪ੍ਰੋ. ਜਗਮੋਹਨ ਸਿੰਘ, ਰਾਜਿੰਦਰ ਸਿੰਘ ਚੀਮਾ, ਪ੍ਰੋਫ਼ੈਸਰ ਵੜੈਚ ਦੀ ਬੇਟੀ ਡਾ. ਮਿੰਨਾ ਵੜੈਚ ਜਾਖੜ ਤੇ ਡਾ. ਸੁਖਦੇਵ ਸਿੰਘ ਸਿਰਸਾ ਨੇ ਲੋਕ ਅਰਪਨ ਕੀਤਾ। ਉੱਘੇ ਵਿਦਵਾਨ ਸੁਖਦੇਵ ਸਿੰਘ ਸਿਰਸਾ ਨੇ ਮੰਚ ਸੰਚਾਲਨ ਕਰਦਿਆਂ ਸਾਰਿਆਂ ਨੂੰ ਜੀ-ਆਇਆਂ ਨੂੰ ਕਹਿੰਦਿਆਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੀ ਜੀਵਨੀ ਦੇ ਵੱਖ-ਵੱਖ ਪਹਿਲੂਆਂ ਬਾਰੇ ਚਾਨਣਾ ਪਾਇਆ। ਸਮਾਗਮ ਵਿੱਚ ਸਾਬਕਾ ਵਿਧਾਇਕ ਹਰਦੇਵ ਅਰਸ਼ੀ, ਨਾਜ਼ਰ ਸਿੰਘ ਮਾਨਸ਼ਾਹੀਆ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਡੀਨ ਡਾ. ਹਰਦੇਵ ਸਿੰਘ ਵਿਰਕ, ਇਤਿਹਾਸਕਾਰ ਸੀਤਾ ਰਾਮ ਬਾਂਸਲ, ਪ੍ਰਸਿੱਧ ਲੇਖਕ ਸ਼ਮਸ਼ੇਰ ਸਿੰਘ ਸੰਧੂ, ਲੋਕ ਗਾਇਕ ਹਰਦੀਪ ਸਿੰਘ ਮੁਹਾਲੀ, ਫਿਲਮ ਅਦਾਕਾਰ ਦਰਸ਼ਨ ਔਲਖ, ਏ. ਐੱਸ. ਪਾਲ ਪੰਜਾਬ ਬੁੱਕ ਸੈਂਟਰ, ਡਾ. ਮੇਘਾ ਸਿੰਘ ਸ਼ੇਰਗਿੱਲ, ਬਲਦੇਵ ਸਿੰਘ ਸਰਾਂ ਸਾਬਕਾ ਸੀ.ਐੱਮ.ਡੀ. ਪੰਜਾਬ ਪਾਵਰ ਕਾਰਪੋਰੇਸ਼ਨ, ਸ਼ਬਦੀਸ਼, ਹਮੀਰ ਸਿੰਘ, ਡਾ. ਰੌਣਕੀ ਰਾਮ ਪੰਜਾਬ ਯੂਨੀਵਰਸਿਟੀ, ਕਰਮ ਸਿੰਘ ਹਿਸਟੋਰੀਅਨ ਦੇ ਪੋਤਰੇ ਹਰਪ੍ਰੀਤ ਸਿੰਘ ਢਿੱਲੋਂ ਤੇ ਗੁਰਜੀਤ ਸਿੰਘ ਢਿੱਲੋਂ ਰਾਜਪੁਰਾ, ਰਮੇਸ਼ ਕੁਮਾਰ, ਪ੍ਰਸ਼ੋਤਮ ਬੱਲੀ ਬਰਨਾਲਾ, ਨੀਲ ਕਮਲ ਬਠਿੰਡਾ, ਪੰਜਾਬੀ ਕਵੀ ਡਾ. ਸੁਰਿੰਦਰ ਗਿੱਲ, ਗੁਰਸੇਵਕ ਸਿੰਘ ਢਿੱਲੋਂ ਨਾਮਧਾਰੀ, ਡਾ. ਬਲਦੇਵ ਸਿੰਘ ਸਪਤਰਿਸ਼ੀ, ਸੰਜੀਵਨ ਸਿੰਘ, ਨਰਭਿੰਦਰ ਸਿੰਘ, ਡਾ. ਕਰਨਬੀਰ ਸਿੰਘ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ, ਗਗਨਦੀਪ ਸਿੰਘ ਵਿਰਕ ਮੁੱਖ ਪ੍ਰਬੰਧਕ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ (ਗੁਰਦਾਸਪੁਰ), ਸੁਖਦਰਸ਼ਨ ਨੱਤ, ਨਵਦੀਪ ਸਿੰਘ ਗਿੱਲ, ਪ੍ਰਸਿੱਧ ਪੱਤਰਕਾਰ ਬਲਜੀਤ ਬੱਲੀ, ਡਾ. ਚਮਨ ਲਾਲ ਸਾਬਕਾ ਪ੍ਰੋਫ਼ੈਸਰ ਜੇ ਐੱਨ ਯੂ, ਗਦਰ ਲਹਿਰ ਬਾਰੇ ਪਹਿਲੀ ਡਾਕਟਰੇਟ ਕਰਨ ਵਾਲੇ ਡਾ. ਹਰੀਸ਼ ਪੁਰੀ, ਦੇਸ਼ ਸੇਵਕ ਦੇ ਸੰਪਾਦਕ ਰਿਪੁਦਮਨ ਰਿੱਪੀ, ਸੀਨੀਅਰ ਜਰਨਲਿਸਟ ਮਨਿੰਦਰ ਭਾਟੀਆ, ਪੰਜਾਬੀ ਟ੍ਰਿਬਿਊਨ ਦੇ ਸਮਾਚਾਰ ਸੰਪਾਦਕ ਜਸਬੀਰ ਸਮਰ, ਡਾ. ਜਗਤਾਰ ਸਿੰਘ ਜੋਗਾ, ਡਾ. ਜਸਪਾਲ ਸਿੰਘ ਪ੍ਰਿੰਸੀਪਲ, ਜਸਪਾਲ ਕੌਰ ਚੀਮਾ, ਜਸਵਿੰਦਰ ਕੌਰ ਗਿੱਲ ਲੁਧਿਆਣਾ, ਡਾ. ਗੁਰਸ਼ਮੀਰ ਸਿੰਘ, ਡਾ. ਮੁਕੇਸ਼ ਸੋਮਵਾਲ, ਪ੍ਰੋ. ਅਵਤਾਰ ਸਿੰਘ ਅਜੀਤ, ਸੁਰਿੰਦਰ ਕੁਮਾਰੀ ਕੋਛੜ ਦੇਸ਼ ਭਗਤ ਯਾਦਗੀਰ ਹਾਲ, ਸੰਗਰਾਮ ਸਿੰਘ ਜਾਖੜ, ਸੋਨਾਲੀ ਡੱਲਾ ਜਾਖੜ, ਕਰਨਲ ਦਲਜੀਤ ਸਿੰਘ ਔਜਲਾ, ਰੁਪਿੰਦਰ ਕੌਰ ਔਜਲਾ, ਸਰਬਜੀਤ ਸਿੰਘ ਸੋਹਲ, ਅਜਮੇਰ ਸਿੰਘ, ਕੰਵਲਜੀਤ ਸਿੰਘ ਭਿੰਡਰ ਰੀਟਾਇਰਡ ਚੀਫ ਇੰਜਨੀਅਰ ਪੰਜਾਬ, ਗੁਰਤੇਜ ਸਿੰਘ ਵਧੀਕ ਕਮਿਸ਼ਨਰ (ਰਿਟ.) ਆਦਿ ਹਾਜ਼ਰ ਸਨ।

## ਬਾਬੂ ਪ੍ਰਕਾਸ਼ ਚੰਦ ਗਰਗ ਨੇ ਪਰਵਾਰ ਸਮੇਤ ਪਾਈ ਵੋਟ

**ਭਵਾਨੀਗੜ੍ਹ (ਰਾਜ ਖੁਰਮੀ)** ਸਥਾਨਕ ਨਗਰ ਕੌਂਸਲ ਚੋਣਾਂ ਦੌਰਾਨ ਸਾਬਕਾ ਮੁੱਖ ਸੰਸਦੀ ਸਕੱਤਰ ਬਾਬੂ ਪ੍ਰਕਾਸ਼ ਚੰਦ ਗਰਗ ਨੇ ਆਪਣੇ ਸਮੁੱਚੇ ਪਰਵਾਰ ਸਮੇਤ ਵਾਰਡ ਨੰਬਰ 13 ਦੇ ਪੀ. ਐੱਮ. ਸਰਕਾਰੀ



ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਬਣੇ ਪੋਲਿੰਗ ਬੂਥ 'ਤੇ ਪਹੁੰਚ ਕੇ ਆਪਣੀ ਵੋਟ ਦਾ ਇਸਤੇਮਾਲ ਕੀਤਾ।ਇਸ ਮੌਕੇ ਉਨ੍ਹਾਂ ਲੋਕਾਂ ਨੂੰ ਲੋਕਤੰਤਰ ਦੇ ਇਸ ਮਹਾਂਤਿਉਹਾਰ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਤੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਅਪੀਲ ਕੀਤੀ।ਮੀਡੀਆ ਨਾਲ ਗੱਲਬਾਤ ਕਰਦਿਆਂ ਬਾਬੂ ਪ੍ਰਕਾਸ਼ ਚੰਦ ਗਰਗ ਨੇ ਕਿਹਾ ਕਿ ਵੋਟ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਹਰ ਨਾਗਰਿਕ ਨੂੰ ਬਿਨਾਂ ਕਿਸੇ ਡਰ ਜਾਂ ਲਾਲਚ ਦੇ ਆਪਣੀ ਮਰਜ਼ੀ ਨਾਲ ਵੋਟ ਪਾਉਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਚੋਣਾਂ ਸ਼ਹਿਰ ਦੇ ਵਿਕਾਸ, ਸਫ਼ਾਈ ਪ੍ਰਬੰਧ, ਬੁਨਿਆਦੀ ਸਹੂਲਤਾਂ ਤੇ ਲੋਕਾਂ ਦੀਆਂ ਰੋਜ਼ਾਨਾ ਜ਼ਰੂਰਤਾਂ ਨਾਲ ਸਿੱਧੇ ਤੌਰ 'ਤੇ ਜੁੜੀਆਂ ਹੋਣ ਕਰਕੇ ਬਹੁਤ ਮਹੱਤਵਪੂਰਨ ਹਨ।ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰ ਵੋਟਰ ਦੀ ਭਾਗੀਦਾਰੀ ਲਾਜ਼ਮੀ ਹੈ ਤੇ ਹਰ ਵਿਅਕਤੀ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ ਵੋਟ ਜ਼ਰੂਰ ਪਾਉਣੀ ਚਾਹੀਦੀ ਹੈ।ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਲੋਕਤੰਤਰ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਈ।ਪੋਲਿੰਗ ਕੇਂਦਰ 'ਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਦੇਖਣ ਨੂੰ ਮਿਲੇ, ਜਦਕਿ ਵੋਟਰਾਂ ਵਿੱਚ ਵੀ ਭਾਰੀ ਉਤਸ਼ਾਹ ਨਜ਼ਰ ਆਇਆ।ਸਵੇਰ ਤੋਂ ਹੀ ਵੋਟਰਾਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਰਹੀਆਂ ਤੇ ਲੋਕਾਂ ਨੇ ਸ਼ਾਂਤੀਪੂਰਨ ਢੰਗ ਨਾਲ ਆਪਣੇ ਮੱਤ ਅਧਿਕਾਰ ਦਾ ਇਸਤੇਮਾਲ ਕੀਤਾ।

# ਨਗਰ ਪੰਚਾਇਤ ਭਗਤਾ ਦੀ ਚੋਣ 'ਚ ਕਰੀਬ 70 ਫੀਸਦੀ ਵੋਟ ਹੋਈ ਪੋਲ

## ਕਾਂਗਰਸ ਤੇ ਅਕਾਲੀ ਦਲ ਦੇ ਉਮੀਦਵਾਰਾਂ ਦੀ ਝੰਡੀ ਰਹਿਣ ਦੇ ਸੰਕੇਤ

**ਬਠਿੰਡਾ (ਰਾਜੀਵ ਗੋਇਲ)** ਨਗਰ ਪੰਚਾਇਤ ਭਗਤਾ ਦੇ 13 ਵਾਰਡਾਂ ਦੀ ਚੋਣ ਨੂੰ ਲੈ ਕੇ ਕਰੀਬ 70% ਵੋਟ ਪੋਲ ਹੋਣ ਦੇ ਸੰਕੇਤ ਹਨ।ਸਵੇਰੇ 8 ਵਜੇ ਤੋਂ ਸ਼ੁਰੂ ਹੋਈ ਵੋਟਿੰਗ ਵਿੱਚ ਸਵੇਰੇ-ਸਵੇਰੇ ਵੋਟਰਾਂ ਦਾ ਕਾਫੀ ਇਕੱਠ ਦੇਖਣ ਨੂੰ ਮਿਲਿਆ।ਭਾਵੇਂ ਹੀ ਗਰਮੀ ਦਾ ਕਹਿਰ ਜ਼ੋਰਾਂ 'ਤੇ ਸੀ, ਪਰ ਫੇਰ ਵੀ ਲੋਕਾਂ ਵੱਲੋਂ ਵੱਧ ਚੜ੍ਹ ਕੇ ਆਪਣੀ ਵੋਟ ਦਾ ਇਸਤੇਮਾਲ ਕੀਤਾ ਗਿਆ ਅਤੇ ਕਾਫੀ ਅਜਿਹੇ ਵੋਟਰ ਵੀ ਦੇਖਣ ਨੂੰ ਮਿਲੇ, ਜਿਨ੍ਹਾਂ ਵੱਲੋਂ ਪਹਿਲੀ ਵਾਰ ਆਪਣੀ ਵੋਟ ਦਾ ਇਸਤੇਮਾਲ ਕੀਤਾ ਗਿਆ ਤੇ ਵੋਟਰਾਂ 'ਚ ਭਾਰੀ ਉਤਸ਼ਾਹ ਵੀ ਦੇਖਣ ਨੂੰ ਮਿਲਿਆ, ਕਿਉਂਕਿ ਇਨ੍ਹਾਂ ਵੋਟਾਂ ਵਿੱਚ ਆਪਸੀ ਭਾਈਚਾਰਾ ਭਾਰੂ ਹੋ ਜਾਂਦਾ ਹੈ ਅਤੇ ਰਾਜਨੀਤਕ ਦਬਾਅ ਘੱਟ ਜਾਂਦਾ ਹੈ।ਇਨ੍ਹਾਂ ਵੋਟਾਂ ਦਰਮਿਆਨ ਇਹ ਵੀ ਅੰਦਰੂਨੀ ਸੰਕੇਤ ਮਿਲੇ ਹਨ ਕਿ ਕਾਂਗਰਸ ਤੇ ਅਕਾਲੀ ਦਲ ਨਾਲ ਸੰਬੰਧਤ ਉਮੀਦਵਾਰਾਂ ਦੀ ਝੰਡੀ ਰਹਿ ਸਕਦੀ ਹੈ ਅਤੇ ਆਮ ਆਦਮੀ ਪਾਰਟੀ ਮਹਿਜ ਇੱਕ ਤੋਂ ਤਿੰਨ ਸੀਟਾਂ ਤੱਕ ਸਿਮਟ ਸਕਦੀ ਹੈ।ਸ਼ਹਿਰ ਦੇ ਬਹੁ-ਚਰਚਿਤ ਵਾਰਡ ਨੰਬਰ 11 ਵਿੱਚ 1090 ਵਿੱਚੋਂ ਕਰੀਬ 850 ਵੋਟਾਂ ਪੋਲ ਹੋਈਆਂ।ਇਸ ਮੌਕੇ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਹੋਏ ਸਨ ਤੇ ਐੱਸ ਪੀ (ਹੈੱਡ ਕੁਆਰਟਰ) ਜਗਦੀਸ਼ ਬਿਸ਼ਨੋਈ ਸਮੇਤ ਡੀ.ਐੱਸ.ਪੀ. ਫੂਲ ਵੱਲੋਂ ਮੌਕੇ ਦਾ ਜਾਇਜ਼ਾ ਵੀ ਲਿਆ ਗਿਆ।ਖਬਰ ਲਿਖੇ ਜਾਣ ਤੱਕ ਭਗਤਾ ਦੇ ਕਿਸੇ ਵੀ ਵਾਰਡ ਵਿੱਚ ਕਿਸੇ ਵੀ ਕਿਸਮ ਦੀ ਕੋਈ ਵੀ ਅਣਸੁਖਾਵੀਂ ਘਟਨਾ ਦੀ ਖਬਰ ਨਹੀਂ ਸੀ।



# ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੀ ਮੀਟਿੰਗ 'ਚ ਪ੍ਰੀਤ ਸੰਦਲ ਨੂੰ ਕੀਤਾ ਯਾਦ

**ਸਮਰਾਲਾ, (ਸੁਰਜੀਤ ਸਿੰਘ)** ਮਰਹੂਮ ਕਵੀਸ਼ਰ ਪ੍ਰੀਤ ਸੰਦਲ ਦੀ ਯਾਦ ਨੂੰ ਸਮਰਪਤ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੀ ਮੀਟਿੰਗ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ।ਕਵੀਸ਼ਰ ਪ੍ਰੀਤ ਸਿੰਘ ਸੰਦਲ ਦੇ ਜੀਵਨ ਤੇ ਰਚਨਾਵਾਂ ਬਾਰੇ ਗੁਰਸੇਵਕ ਸਿੰਘ ਢਿੱਲੋਂ, ਬੁੱਧ ਸਿੰਘ ਨੀਲੋਂ, ਬਲਵੰਤ ਸਿੰਘ ਮਾਂਗਟ, ਜਗਦੇਵ ਮਕਸੂਦੜਾ ਨੇ ਆਖਿਆ ਕਿ ਪ੍ਰੀਤ ਸਿੰਘ ਸੰਦਲ ਇੱਕ ਮਿਹਨਤੀ ਇਨਸਾਨ ਸੀ। ਸਾਹਿਤ ਦੇ ਖੇਤਰ ਵਿੱਚ ਉਸਨੇ ਬਹੁਤ ਮਿਹਨਤ ਕੀਤੀ। ਸਾਹਿਤ ਨੂੰ ਉਤਸ਼ਾਹਤ ਕਰਨ ਵਾਸਤੇ ਉਸਨੇ ਆਪਣੇ ਜੀਵਨ ਕਾਲ ਵਿੱਚ ਵੱਡੇ ਕਾਰਜ ਕੀਤੇ।

ਪੰਜਾਬ ਦੇ ਆਰਮੀ ਸਕੂਲਾਂ ਵਿੱਚੋਂ ਪੰਜਾਬੀ ਮਾਂ ਬੋਲੀ ਨੂੰ ਨਕਾਰਨ ਦੇ ਵਿਰੋਧ ਵਿੱਚ ਸਭਾ ਵੱਲੋਂ ਭਖਵੀਂ ਵਿਚਾਰ ਚਰਚਾ ਕੀਤੀ ਗਈ।ਗੁਰਸੇਵਕ ਸਿੰਘ ਢਿੱਲੋਂ ਨੇ ਆਖਿਆ ਕਿ ਪੰਜਾਬੀ ਮਾਂ ਬੋਲੀ ਦੀ ਬਹਾਲੀ ਵਾਸਤੇ ਅਸੀਂ ਹਰ ਸੰਘਰਸ਼ ਕਰਨ ਵਾਸਤੇ ਹਮੇਸ਼ਾਂ ਤਿਆਰ ਰਹਾਂਗੇ।ਰਚਨਾਵਾਂ ਦੇ ਦੌਰ ਵਿੱਚ ਜਸਵੀਰ ਸਿੰਘ ਝੱਜ, ਹਰਬੰਸ ਸਿੰਘ ਰਾਏ, ਜ਼ੋਰਾਵਰ ਸਿੰਘ ਪੰਛੀ, ਜਸਵੀਰ ਕੌਰ ਜੱਸੀ, ਸੁਖਵਿੰਦਰ ਕੌਰ, ਰਜਿੰਦਰ ਕੌਰ ਪੰਨੂ, ਪੰਮੀ ਹਬੀਬ, ਬਲਵੰਤ ਮਾਂਗਟ, ਜਗਦੇਵ ਮਕਸੂਦੜਾ, ਪੱਪੂ ਬਲਵੀਰ, ਜਗਤਾਰ ਰਾਈਆਂ ਵਾਲਾ, ਬਲਵੰਤ ਸਿੰਘ ਵਿਰਕ, ਸਵਰਨ ਸਿੰਘ ਪੱਲਾ, ਮਨਜੀਤ ਸਿੰਘ ਰਾਗੀ, ਤਰਨ ਸਿੰਘ ਬੱਲ, ਦਰਸ਼ਨ ਸਿੰਘ ਭਾਗਪੁਰੀ, ਮੀਤ ਪਾਣੀਪਤ, ਦਲਵੀਰ ਸਿੰਘ ਕਲੇਰ, ਸੋਮਨਾਥ ਸਿੰਘ ਹਰਨਾਮਪੁਰਾ ਤੇ ਹਰਬੰਸ ਸਿੰਘ ਸ਼ਾਨ ਬਗਲੀ ਆਦਿਕ ਨੇ ਰਚਨਾਵਾਂ ਦਾ ਪਾਠ ਕੀਤਾ ਪੜ੍ਹੀਆਂ ਸੁਣੀਆਂ ਰਚਨਾਵਾਂ ਤੇ ਉਸਾਰੂ ਤੇ ਮਿਆਰੀ ਵਿਚਾਰ ਚਰਚਾ ਹੋਈ।ਸ਼ੁਰੂਆਤੀ ਦੌਰ ਵਿੱਚ ਉੱਘੇ ਲੇਖਕ ਮਲਵਿੰਦਰ ਜੀਤ ਸਿੰਘ ਵੜੈਚ, ਉੱਘੇ ਗੀਤਕਾਰ ਚੰਨ ਗੁਰਾਇਆ ਵਾਲਾ, ਗਾਇਕ ਪਾਲੀ ਦੇਤ ਵਾਲੀਆ ਦੇ ਬੇਟੇ ਮਨਜੋਤ ਸਿੰਘ ਕਵੀ ਮੱਲ ਸਿੰਘ ਦੇ ਪਿਤਾ ਜੋਗਿੰਦਰ ਸਿੰਘ, ਗਾਇਕ ਗੀਤ ਗੁਰਜੀਤ ਦੀ ਨਾਨੀ ਸੁਰਜੀਤ ਕੌਰ, ਜਤਿੰਦਰ ਕੌਰ ਸੰਧੂ ਦੀ ਮਾਤਾ ਅਮਰਜੀਤ ਕੌਰ ਦੀ ਮੌਤ ਤੇ ਸਭਾ ਵੱਲੋਂ ਸ਼ੋਕ ਮਤਾ ਪਾਇਆ ਗਿਆ।



# ਰਣਜੋਧ ਹਡਾਣਾ ਦੀ ਅਗਵਾਈ 'ਚ ਪਠਾਣਮਾਜਰਾ ਦੇ ਸੈਂਕੜੇ ਪਰਵਾਰ 'ਆਪ' 'ਚ ਸ਼ਾਮਲ

**ਸਨੌਰ/ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**- ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੇ ਹਲਕੇ ਵਿੱਚ ਕਰਵਾਏ ਜਾ ਰਹੇ ਰਿਕਾਰਡਤੋੜ ਵਿਕਾਸ ਕਾਰਜਾਂ ਸਦਕਾ ਮੰਗਲਵਾਰ ਹਲਕਾ ਸਨੌਰ ਦੇ ਪਿੰਡ ਪਠਾਣਮਾਜਰਾ ਵਿਖੇ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਇਤਿਹਾਸਕ ਮਜ਼ਬੂਤੀ ਮਿਲੀ, ਜਦੋਂ ਹਲਕਾ ਇੰਚਾਰਜ ਸ੍ਰ. ਰਣਜੋਧ ਸਿੰਘ ਹਡਾਣਾ ਦੀ ਯੋਗ ਅਗਵਾਈ ਹੇਠ ਸੈਂਕੜਿਆਂ ਦੀ ਗਿਣਤੀ ਵਿੱਚ ਸਥਾਨਕ ਨਿਵਾਸੀ ਤੇ ਮੋਹਤਬਰ ਪਰਿਵਾਰ ਰਵਾਇਤੀ ਪਾਰਟੀਆਂ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਕੇ 'ਆਪ' ਪਰਿਵਾਰ ਵਿੱਚ ਸ਼ਾਮਲ ਹੋ ਗਏ।ਇਸ ਵੱਡੀ ਸਿਆਸੀ ਹਲਚਲ ਤੇ ਲੋਕਾਂ ਦੇ ਉਤਸ਼ਾਹ ਨੇ ਵਿਰੋਧੀ ਖੇਮਿਆਂ ਦੀ ਨੀਂਦ ਉਡਾ ਕੇ ਰੱਖ ਦਿੱਤੀ ਹੈ। ਇਸ ਮੌਕੇ ਪਿੰਡ ਪਠਾਣਮਾਜਰਾ ਦੇ ਆਗੂ ਪ੍ਰਿਥੀਰਾਜ ਦੀ ਪ੍ਰੇਰਣਾ ਤੇ ਅਗਵਾਈ ਹੇਠ ਪਿੰਡ ਦੇ ਕਈ ਪ੍ਰਮੁੱਖ ਪਰਿਵਾਰਾਂ, ਨੌਜਵਾਨਾਂ ਤੇ ਬਜ਼ੁਰਗਾਂ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ 'ਤੇ ਭਰੋਸਾ ਜਤਾਇਆ।ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਸਾਥੀਆਂ ਨੂੰ ਸਿਰੋਪਾਓ ਭੇਟ ਕਰਕੇ ਜਥੇਬੰਦੀ ਵਿੱਚ ਨਿੱਘਾ ਸਵਾਗਤ ਕੀਤਾ ਤੇ ਵਿਸ਼ਵਾਸ ਦਿਵਾਇਆ ਕਿ ਪਾਰਟੀ ਵਿੱਚ ਹਰ ਮਿਹਨਤੀ ਤੇ ਵਫ਼ਾਦਾਰ ਸਾਥੀ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਅਜਿਹੀ ਸਰਕਾਰ ਆਈ ਹੈ, ਜੋ ਸਿਰਫ਼ ਤੇ ਸਿਰਫ਼ ਵਿਕਾਸ ਦੇ ਨਾਮ 'ਤੇ ਰਾਜਨੀਤੀ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਹਲਕਾ ਸਨੌਰ ਦੇ ਪਿੰਡਾਂ ਵਿੱਚ ਬਿਨਾਂ ਕਿਸੇ ਪੱਖਪਾਤ ਦੇ ਸੜਕਾਂ, ਗਲੀਆਂ-ਨਾਲੀਆਂ, ਪੀਣ ਵਾਲੇ ਸਾਫ਼ ਪਾਣੀ ਤੇ ਖੇਡ ਮੈਦਾਨਾਂ ਦੇ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਹੀ ਅੱਜ ਲੋਕ ਆਪ-ਮੁਹਾਰੇ ਪਾਰਟੀ ਨਾਲ ਜੁੜ ਰਹੇ ਹਨ।ਉਨ੍ਹਾਂ ਕਿਹਾ ਕਿ ਪਠਾਣਮਾਜਰਾ ਵਿਖੇ ਹੋਈ ਇਹ ਵੱਡੀ ਜੁਆਇਨਿੰਗ ਸਾਫ਼ ਇਸ਼ਾਰਾ ਕਰਦੀ ਹੈ ਕਿ ਵਿਰੋਧੀ ਪਾਰਟੀਆਂ ਦੇ ਝੂਠੇ ਲਾਰਿਆਂ ਦਾ ਸਨੌਰ ਖੇਤਰ ਵਿੱਚੋਂ ਪੂਰੀ ਤਰ੍ਹਾਂ ਸਫ਼ਾਇਆ ਹੋ ਚੁੱਕਾ ਹੈ। ਇਸ ਮੌਕੇ ਆਗੂ ਪ੍ਰਿਥੀਰਾਜ ਤੇ 'ਆਪ' ਵਿੱਚ ਸ਼ਾਮਲ ਹੋਏ ਹੋਰ ਮੋਹਤਬਰਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਉਹ ਮਾਨ ਸਰਕਾਰ ਦੀ ਇਮਾਨਦਾਰ ਕਾਰਗੁਜ਼ਾਰੀ ਤੇ ਹਡਾਣਾ ਸਾਹਿਬ ਵੱਲੋਂ ਦਿਨ-ਰਾਤ ਹਲਕੇ ਦੇ ਲੋਕਾਂ ਦੀ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਨੂੰ ਦੇਖ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ।ਉਨ੍ਹਾਂ ਪ੍ਰਣ ਲਿਆ ਕਿ ਉਹ ਪਾਰਟੀ ਦੀਆਂ ਲੋਕ-ਭਲਾਈ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਇਸ ਪ੍ਰਭਾਵਸ਼ਾਲੀ ਸਮਾਗਮ ਮੌਕੇ ਸੁਖਚੈਨ ਸਿੰਘ, ਕਲਵੀਰ ਸਿੰਘ, ਬਲਵਿੰਦਰ ਸਿੰਘ, ਗੁਰਦੀਪ ਸਿੰਘ, ਰਾਜੂ ਰਾਜਵਿੰਦਰ ਸਿੰਘ, ਹਰਜਿੰਦਰ ਸਿੰਘ, ਅਵਤਾਰ ਸਿੰਘ, ਹੈਪੀ ਸਿੰਘ, ਗੁਰਧਿਆਨ ਸਿੰਘ, ਆਮ ਆਦਮੀ ਪਾਰਟੀ ਦੇ ਸੀਨੀਅਰ ਅਹੁਦੇਦਾਰ, ਇਲਾਕੇ ਦੇ ਪੰਚ-ਸਰਪੰਚ, ਮਿਹਨਤੀ ਵਲੰਟੀਅਰ ਤੇ ਪਿੰਡ ਪਠਾਣਮਾਜਰਾ ਦੇ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

**● ਇਸ ਵੱਡੀ ਸ਼ਮੂਲੀਅਤ ਨੇ ਵਿਰੋਧੀਆਂ ਦੀ ਨੀਂਦ ਉਡਾਈ : ਹਡਾਣਾ**



# ਰਿਪੁਦਮਨ ਸਿੰਘ ਰੂਪ ਦੇ ਦੇਹਾਂਤ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ

**ਲੁਧਿਆਣਾ (ਐੱਮ ਐੱਸ ਭਾਟੀਆ)**- ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਮੈਂਬਰਾਂ ਤੇ ਸਮੂਹ ਮੈਂਬਰਾਂ ਵੱਲੋਂ ਅਕਾਦਮੀ ਦੇ ਜੀਵਨ ਮੈਂਬਰ ਸ੍ਰ. ਰਿਪੁਦਮਨ ਸਿੰਘ ਰੂਪ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ. ਰਿਪੁਦਮਨ ਸਿੰਘ ਰੂਪ ਪ੍ਰਸਿੱਧ ਕਹਾਣੀਕਾਰ ਸ੍ਰ. ਸੰਤੋਖ ਸਿੰਘ ਧੀਰ ਦੇ ਛੋਟੇ ਭਰਾ ਸਨ।ਉਨ੍ਹਾਂ ਨੇ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਵਿੱਚ ਦਰਜਨ ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ।

ਉਨ੍ਹਾਂ ਕਿਹਾ ਕਿ ਸ੍ਰ. ਰਿਪੁਦਮਨ ਸਿੰਘ ਰੂਪ ਪੰਜਾਬੀ ਲੇਖਕ ਹੋਣ ਦੇ ਨਾਲ ਨਾਲ ਵਕੀਲ, ਮੁਲਾਜ਼ਮ ਆਗੂ ਤੇ ਸਮਾਜਿਕ ਕਾਰਕੁਨ ਵੀ ਸਨ।ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ੍ਰ. ਰਿਪੁਦਮਨ ਸਿੰਘ ਰੂਪ 91 ਸਾਲ ਦੀ ਉਮਰ 'ਚ ਸਾਨੂੰ ਅਲਵਿਦਾ ਕਹਿ ਗਏ ਹਨ। ਉਹ ਪੰਜਾਬੀ ਸਾਹਿਤ ਜਗਤ ਤੇ ਉਨ੍ਹਾਂ ਨੂੰ ਹਮੇਸ਼ਾ ਯਾਦ ਰਹਿਣਗੇ।ਇਸ ਦੁੱਖ ਦੇ ਸਮੇਂ ਅਕਾਦਮੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ੍ਰ. ਰਿਪੁਦਮਨ ਸਿੰਘ ਰੂਪ ਨੇ 'ਰਾਣੀ, ਰੁੱਤ, ਲਾਲ ਗੜ੍ਹ, ਝੱਖੜਾਂ ਵਿੱਚ ਝੂਲਦਾ ਰੁੱਖ ਤੇ ਬੰਨੇ ਚੰਨੇ' ਸਮੇਤ ਕਈ ਪੁਸਤਕਾਂ ਦੀ ਰਚਨਾ ਕੀਤੀ।ਉਹ ਉੱਘੇ ਨਾਟਕਕਾਰ ਸੰਜੀਵਨ ਤੇ ਐਡਵੋਕੇਟ ਰੰਜੀਵਨ ਦੇ ਪਿਤਾ ਸਨ।ਪਰਿਵਾਰਕ ਜਾਣਕਾਰੀ ਅਨੁਸਾਰ ਸ੍ਰ. ਰਿਪੁਦਮਨ ਸਿੰਘ ਦੀ ਮ੍ਰਿਤਕ ਦੇਹ ਪੀ. ਜੀ. ਆਈ. ਨੂੰ ਦਾਨ ਕੀਤੀ ਗਈ ਹੈ।

ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਰਵਿੰਦਰ ਸਿੰਘ ਭੱਠਲ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਵਰਿਆਮ ਸਿੰਘ ਸੰਧੂ, ਡਾ. ਗੁਰਇਕਬਾਲ ਸਿੰਘ, ਡਾ. ਸਰਬਜੀਤ ਕੌਰ ਸੋਹਲ, ਜਸਪਾਲ ਮਾਨਖੇੜਾ, ਸਹਿਜਪ੍ਰੀਤ ਸਿੰਘ ਮਾਂਗਟ, ਡਾ. ਗੁਰਚਰਨ ਕੌਰ ਕੋਚਰ, ਡਾ. ਅਰਵਿੰਦਰ ਕੌਰ ਕਾਕੜਾ, ਸ੍ਰੀਮਤੀ ਸੁਰਿੰਦਰ ਨੀਰ, ਸੁਰਿੰਦਰ ਕੈਲੇ, ਜਨਮੇਜਾ ਸਿੰਘ ਜੌਹਲ, ਹਰਵਿੰਦਰ ਸਿੰਘ ਸਿਰਸਾ, ਡਾ. ਅੰਮੀਆਂ ਕੁੰਵਰ, ਡਾ. ਹਰੀ ਸਿੰਘ ਜਾਚਕ, ਕੇ. ਸਾਧੂ ਸਿੰਘ, ਭੁਪਿੰਦਰ ਸਿੰਘ ਸੰਧੂ, ਸੰਜੀਵਨ ਸਿੰਘ, ਡਾ. ਸਿਮਰਜੀਤ ਕੌਰ ਗਿੱਲ, ਡਾ. ਤਰਸਪਾਲ ਕੌਰ, ਮਨਜਿੰਦਰ ਸਿੰਘ ਧਨੋਆ, ਤ੍ਰੈਲੋਚਨ ਲੋਚੀ, ਪ੍ਰਭਜੋਤ ਸਿੰਘ ਸੋਹੀ, ਪ੍ਰਿੰ. ਨਵਤੇਜ ਗੜ੍ਹਦੀਵਾਲਾ, ਰਜਿੰਦਰ ਸਿੰਘ ਰਾਜਨ, ਮੱਖਣ ਮਾਨ, ਰੋਜ਼ੀ ਸਿੰਘ ਸ਼ਾਮਲ ਹਨ।

# 'ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' 'ਤੇ ਪੰਜਾਬ ਸਰਕਾਰ ਨੂੰ ਐੱਸ ਜੀ ਪੀ ਸੀ ਨੂੰ ਭਰੋਸੇ 'ਚ ਲੈਣਾ ਚਾਹੀਦਾ ਸੀ : ਸਿਮਰਨਜੀਤ ਸਿੰਘ ਮਾਨ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕੌਮੀ ਪ੍ਰਧਾਨ ਤੇ ਸਾਬਕਾ ਮੈਂਬਰ ਪਾਰਲੀਮੈਂਟ ਨੇ ਸਿਮਰਨਜੀਤ ਸਿੰਘ ਮਾਨ ਨੇ ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਥਕ ਏਕਤਾ 'ਤੇ ਵੱਡਾ ਜ਼ੋਰ ਦਿੱਤਾ ਹੈ।ਪਿੰਡ ਨਿਹਾਲੂਵਾਲ ਵਿਖੇ ਮਾਨ ਨੇ ਪ੍ਰਗਟਾਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਪੰਥਕ ਏਕਤਾ ਦੀ ਪੂਰੀ ਹਾਮੀ ਹੈ ਤੇ ਇਸ ਸਬੰਧੀ ਵੱਖ-ਵੱਖ ਸਿੱਖ ਧਿਰਾਂ ਨਾਲ ਲਗਾਤਾਰ ਗੱਲਬਾਤ ਚੱਲ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਚੋਣਾਂ ਦੌਰਾਨ 'ਵਾਰਿਸ ਪੰਜਾਬ ਦੇ', ਸ਼੍ਰੋਮਣੀ ਅਕਾਲੀ ਦਲ ਜਾਂ ਕਿਸੇ ਵੀ ਹੋਰ ਪੰਥਕ ਧਿਰ ਨਾਲ ਸਹਿਮਤੀ ਬਣਨ 'ਤੇ ਚੋਣ ਸਮਝੌਤਾ ਹੋ ਸਕਦਾ ਹੈ। ਮਾਨ ਨੇ ਸਾਰੀਆਂ ਪੰਥਕ ਧਿਰਾਂ ਨੂੰ ਆਪਣੇ ਨਿੱਜੀ ਸਵਾਰਥ ਤਿਆਗ ਕੇ ਇੱਕ ਸਾਂਝੇ ਪਲੇਟਫਾਰਮ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ, ਤਾਂ ਜੁ ਏਕੇ ਦੇ ਬਲਬੂਤੇ ਵਿਧਾਨ ਸਭਾ ਚੋਣਾਂ ਵਿੱਚੋਂ ਹਾਂ-ਪੱਖੀ ਅਤੇ ਚੰਗੇ ਸਿੱਟੇ ਕੱਢੇ ਜਾ ਸਕਣ।ਇਸੇ ਦੌਰਾਨ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਬਾਰੇ ਬੋਲਦਿਆਂ ਮਾਨ ਨੇ ਕਿਹਾ ਕਿ ਅਜਿਹਾ ਸੰਵੇਦਨਸ਼ੀਲ ਕਾਨੂੰਨ ਬਣਾਉਣ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਘੱਟੋ-ਘੱਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਸੀ।

ਉਨ੍ਹਾਂ ਮੰਗ ਕੀਤੀ ਕਿ ਐਸ.ਜੀ.ਪੀ.ਸੀ. ਵੱਲੋਂ ਜਿਹੜੀਆਂ ਸੋਧਾਂ ਦੀ ਮੰਗ ਕੀਤੀ ਜਾ ਰਹੀ ਹੈ, ਪੰਜਾਬ ਸਰਕਾਰ ਉਨ੍ਹਾਂ ਨੂੰ ਤੁਰੰਤ ਲਾਗੂ ਕਰੇ।ਹਾਲਾਂਕਿ ਉਨ੍ਹਾਂ ਇਸ ਐਕਟ ਵਿੱਚ ਗ੍ਰੰਥੀ ਸਿੰਘਾਂ ਨੂੰ ਕਸਟੋਡੀਅਨ ਦੇ ਦਾਇਰੇ ਵਿੱਚ ਰੱਖਣ ਤੇ ਬੇਅਦਬੀ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਕਾਰਵਾਈ ਹੋਣ ਦੇ ਪ੍ਰਬੰਧ ਨੂੰ ਜਾਇਜ਼ ਠਹਿਰਾਇਆ। ਉਨ੍ਹਾਂ ਕੇਂਦਰ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਕੇਂਦਰ ਵੱਲੋਂ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਮਸਲਿਆਂ ਵਿੱਚ ਸਿੱਧਾ ਦਖ਼ਲ ਦਿੱਤਾ ਜਾ ਰਿਹਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਮਾਨ ਪਿਛਲੇ ਦਿਨੀਂ ਕੁੱਟਮਾਰ ਦਾ ਸ਼ਿਕਾਰ ਹੋਏ ਪਾਰਟੀ ਦੇ ਆਗੂ ਜਗਦੇਵ ਸਿੰਘ ਨਿਹਾਲੂਵਾਲ ਦਾ ਹਾਲ-ਚਾਲ ਜਾਨਣ ਤੇ ਪਰਵਾਰ ਨਾਲ ਹਮਦਰਦੀ ਪ੍ਰਗਟਾਉਣ ਪੁੱਜੇ। ਉਨ੍ਹਾਂ ਦੋਸ਼ ਲਾਇਆ ਕਿ ਸੰਸਦ ਮੈਂਬਰ ਤੇ ਉਨ੍ਹਾਂ ਦੇ ਮਾਸੀ ਦੇ ਲੜਕੇ ਵੱਲੋਂ ਦੋਸ਼ੀਆਂ ਨੂੰ ਬਚਾਇਆ ਜਾ ਰਿਹਾ ਹੈ, ਜੋ ਸਰਾਸਰ ਧੱਕੇਸ਼ਾਹੀ ਹੈ।ਉਨ੍ਹਾਂ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਐਲਾਨ ਕੀਤਾ ਕਿ ਪੀੜਤ ਪਰਵਾਰ ਨੂੰ ਹਰ ਹਾਲਤ ਵਿੱਚ ਇਨਸਾਫ਼ ਦਿਵਾਇਆ ਜਾਵੇਗਾ।



# ਸਰਕਾਰ ਦੇ ਲੋਕ ਵਿਰੋਧੀ ਫ਼ੈਸਲਿਆਂ ਖ਼ਿਲਾਫ਼ ਸੰਘਰਸ਼ ਸਫ਼ਲ ਬਣਾਉਣ ਲਈ ਮੁਹਿੰਮ ਤੇਜ਼ ਹੋਵੇਗੀ : ਹਰਦਾਸਪੁਰਾ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ ਦੇ ਜ਼ਿਲ੍ਹਾ ਜਨਰਲ ਸਕੱਤਰ ਜਗਰਾਜ ਸਿੰਘ ਹਰਦਾਸਪੁਰਾ ਦੀ ਅਗਵਾਈ ਹੇਠ ਪਿੰਡ ਹਰਦਾਸਪੁਰਾ ਵਿਖੇ ਮੀਟਿੰਗ ਉਪਰੰਤ ਫੰਡ ਮੁਹਿੰਮ ਚਲਾਈ ਗਈ।ਜਥੇਬੰਦੀ ਦੇ ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰਾਂ ਵੱਲੋਂ ਲਏ ਜਾ ਰਹੇ ਲੋਕ ਵਿਰੋਧੀ ਫੈਸਲਿਆਂ ਦੀ ਤਿੱਖੀ ਆਲੋਚਨਾ ਕਰਦਿਆਂ ਆਉਣ ਵਾਲੇ ਸੰਘਰਸ਼ਾਂ ਨੂੰ ਸਫ਼ਲ ਬਣਾਉਣ ਲਈ ਫੰਡ ਮੁਹਿੰਮ ਨੂੰ ਹੋਰ ਤੇਜ਼ ਕਰਨ ਦਾ ਸੱਦਾ ਦਿੱਤਾ। ਆਗੂਆਂ ਨੇ ਕਿਹਾ ਕਿ ਸਰਕਾਰਾਂ ਲਗਾਤਾਰ ਕਿਸਾਨਾਂ ਅਤੇ ਆਮ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਫੈਸਲੇ ਲੈ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੋਆਪ੍ਰੇਟਿਵ ਬੈਂਕਾਂ ਵੱਲੋਂ ਪਿਛਲੇ ਸੱਤ ਸਾਲਾਂ ਤੋਂ ਹੱਦ ਕਰਜ਼ਿਆਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ, ਜਦ ਕਿ ਖੇਤੀ ਦੇ ਲਾਗਤ ਖਰਚੇ ਬੇਹੱਦ ਵਧ ਚੁੱਕੇ ਹਨ।ਉਨ੍ਹਾਂ ਦੱਸਿਆ ਕਿ ਸਾਉਣੀ ਦੀ ਫ਼ਸਲ ਲਈ ਕਿਸਾਨਾਂ ਨੂੰ ਕੇਵਲ 25,440 ਰੁਪਏ ਕਰਜ਼ਾ ਦਿੱਤਾ ਜਾ ਰਿਹਾ ਹੈ, ਜਿਸ ਨਾਲ ਖੇਤੀਬਾੜੀ ਦੇ ਖਰਚੇ ਪੂਰੇ ਨਹੀਂ ਹੁੰਦੇ ਤੇ ਕਿਸਾਨ ਮਜਬੂਰਨ ਵੱਧ ਵਿਆਜ਼ 'ਤੇ ਕਰਜ਼ਾ ਲੈਣ ਲਈ ਖੱਜਲ-ਖੁਆਰ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ 'ਤੇ 27 ਤੋਂ 31 ਮਈ ਤੱਕ ਤਹਿਸੀਲ ਪੱਧਰ 'ਤੇ ਐਮ ਐਸ ਪੀ ਨਾਲ ਸਬੰਧਤ ਆਰਡਰਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ, ਜਦਕਿ 2 ਜੂਨ ਨੂੰ ਡੀ ਸੀ ਬਰਨਾਲਾ ਦਫ਼ਤਰ ਮੂਹਰੇ ਵਿਸ਼ਾਲ ਪੱਧਰ 'ਤੇ ਧਰਨਾ ਦੇ ਕੇ ਮੰਗ ਪੱਤਰ ਸੌਂਪਿਆ ਜਾਵੇਗਾ। ਉਨ੍ਹਾਂ ਸਮੂਹ ਕਿਰਤੀ ਲੋਕਾਂ ਨੂੰ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ਾਂ 'ਚ ਪਰਵਾਰਾਂ ਸਮੇਤ ਕੁੱਦਣ ਦਾ ਸੱਦਾ ਦਿੱਤਾ।

# ਨਵ-ਨਿਯੁਕਤ ਜ਼ਿਲ੍ਹਾ ਤੇ ਸੈਸ਼ਨ ਜੱਜ ਮਾਨਵਤਾ ਸੇਵਾ ਆਸ਼ਰਮ ਪੁੱਜੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ ਸਿੰਘ)** ਬੱਚਿਆਂ ਔਰਤਾਂ ਤੇ ਬਜ਼ੁਰਗਾਂ ਦੀ ਸੇਵਾ ਸੰਭਾਲ ਨੂੰ ਸਮਰਪਤ ਇਲਾਕੇ ਦੇ ਨਾਮਵਰ ਸੰਸਥਾ ਮਾਨਵਤਾ ਫਾਊਂਡੇਸ਼ਨ ਵੱਲੋਂ ਅਨਾਥ ਬੇਸਹਾਰਾ ਅਤੇ ਅਣਗੌਲੇ ਬੱਚਿਆਂ ਲਈ 2015 ਤੋਂ ਮਾਨਵਤਾ ਸਪੈਸ਼ਲਾਈਜ਼ ਅਡੋਪਸ਼ਨ ਏਜੰਸੀ (ਮਾਨਵਤਾ ਪੰਘੂੜਾ ਸੇਵਾ) ਤੇ ਮਾਨਵਤਾ ਚਾਇਲਡ ਕੇਅਰ ਇੰਸਟੀਟਿਊਟ ਚਲਾਇਆ ਜਾ ਰਿਹਾ ਸੀ। ਜ਼ਿਲ੍ਹਾ ਨਵ ਨਿਯੁਕਤ ਜ਼ਿਲ੍ਹਾ ਤੇ ਸੈਸ਼ਨ ਜੱਜ ਮੈਡਮ ਜਸਵਿੰਦਰ ਸਿਮਰ ਤੇ ਮੈਡਮ ਰਾਜਬੀਰ ਕੌਰ ਪ੍ਰਿੰਸੀਪਲ ਜੱਜ ਮਾਨਵਤਾ ਸੇਵਾ ਆਸ਼ਰਮ ਪਹੁੰਚੇ। ਸੰਸਥਾ ਦੇ ਚੇਅਰਮੈਨ ਚੇਅਰਮੈਨ ਡਾ. ਨਰੇਸ਼ ਪਰੂਥੀ ਤੇ ਮੈਡਮ ਸਪਨਾ ਪਰੂਥੀ ਅਤੇ ਕਮੇਟੀ ਮੈਂਬਰ ਮਾਸਟਰ ਜਸਪਾਲ ਸਿੰਘ ਅਤੇ ਸੰਜੀਵ ਖੇੜਾ ਨੇ ਮੈਡਮ ਨੂੰ ਆਸ਼ਰਮ ਪਹੁੰਚਣ ਤੇ ਜੀ ਆਇਆਂ ਆਖਿਆ।ਪ੍ਰਬੰਧਕ ਕਮੇਟੀ ਵੱਲੋਂ ਮਾਨਵਤਾ ਸੇਵਾ ਆਸ਼ਰਮ ਵਿੱਚ ਬਣਾਏ ਮਾਨਵਤਾ ਸਪੈਸ਼ਲਾਈਜ਼ ਅਡੋਪਸ਼ਨ ਏਜੰਸੀ ਤੇ ਮਾਨਵਤਾ ਚਾਇਲਡ ਕੇਅਰ ਇੰਸਟੀਟਿਊਟ ਅਤੇ ਮਾਨਵਤਾ ਪੰਘੂੜਾ ਸੇਵਾ ਦੀ ਵਿਜਿਟ ਕਰਾਈ ਤੇ ਸੰਸਥਾ ਵੱਲੋਂ ਆਸ਼ਰਮ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਜਿਵੇਂ ਬੱਚਿਆਂ ਲਈ ਮਨੋਰੰਜਨ, ਲਾਇਬ੍ਰੇਰੀ ਤੇ ਰਸੋਈ ਘਰ ਦੀ ਪੂਰੀ ਜਾਣਕਾਰੀ ਦਿੱਤੀ ਗਈ।ਇਸ ਤੋਂ ਇਲਾਵਾ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਮੈਡਮ ਸ਼ਿਵਾਨੀ ਨਾਗਪਾਲ ਤੇ ਕੋਰਟ ਦੇ ਸੁਪਰਡੈਂਟ ਜੀਵਨ ਕੁਮਾਰ ਵੀ ਹਾਜ਼ਰ ਸਨ।ਮੈਡਮ ਜਸਵਿੰਦਰ ਸਿਮਰ ਵੱਲੋਂ ਪ੍ਰਬੰਧਕ ਕਮੇਟੀ ਵੱਲੋਂ ਆਸ਼ਰਮ ਲਈ ਕੀਤੇ ਜਾ ਰਹੇ ਵਧੀਆ ਕੰਮਾਂ ਦੀ ਸ਼ਲਾਘਾ ਕੀਤੀ ਗਈ।



# ਜਸਕੀਰਤ ਕੌਰ ਨੇ ਉਚੇਰੀ ਸਿੱਖਿਆ ਲਈ ਚੁਣਿਆ ਮਾਤਾ ਗੁਜਰੀ ਕਾਲਜ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਨਾਰਥਲ ਕਲਾਂ ਦੀ ਹੋਣਹਾਰ ਵਿਦਿਆਰਥਣ ਜਸਕੀਰਤ ਕੌਰ, ਜਿਸ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ +2 ਮੈਡੀਕਲ ਦੀ ਪ੍ਰੀਖਿਆ ਵਿੱਚ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ, ਨੇ ਆਪਣੀ ਉਚੇਰੀ ਸਿੱਖਿਆ ਲਈ ਮਾਤਾ ਗੁਜਰੀ ਕਾਲਜ ਵਿਖੇ ਬੀ.ਐੱਸ.ਸੀ. ਆਨਰਜ਼ ਕੈਮਿਸਟਰੀ ਕੋਰਸ ਵਿੱਚ ਦਾਖਲਾ ਲਿਆ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਸੰਧੂ ਨੇ ਜਸਕੀਰਤ ਕੌਰ ਤੇ ਉਸ ਦੇ ਪਿਤਾ ਸ੍ਰ. ਦਵਿੰਦਰ ਸਿੰਘ ਨੂੰ ਇਸ ਵਿਲੱਖਣ ਪ੍ਰਾਪਤੀ ਲਈ ਵਧਾਈ ਦਿੱਤੀ।ਇਸ ਮੌਕੇ ਡਾ. ਸੰਧੂ ਨੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਹ ਕਾਲਜ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਜ਼ਿਲ੍ਹੇ ਦੀ ਟਾਪਰ ਵਿਦਿਆਰਥਣ ਨੇ ਆਪਣੀ ਉੱਚ ਸਿੱਖਿਆ ਲਈ ਮਾਤਾ ਗੁਜਰੀ ਕਾਲਜ ਦੀ ਚੋਣ ਕੀਤੀ ਹੈ। ਉਨ੍ਹਾਂ ਦੱਸਿਆ ਕਿ ਮਾਤਾ ਗੁਜਰੀ ਕਾਲਜ ਦਾ ਸਮੁੱਚਾ ਪ੍ਰਬੰਧਨ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਇਸ ਅਦਾਰੇ ਵੱਲੋਂ ਧਾਰਮਿਕ, ਸਮਾਜਿਕ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਕਾਲਜ ਦੇ ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ ਨੇ ਵੀ ਜਸਕੀਰਤ ਕੌਰ ਨੂੰ ਇਸ ਉਪਲੱਬਧੀ ਲਈ ਮੁਬਾਰਕਬਾਦ ਦਿੰਦਿਆਂ ਉਸ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।ਇਸੇ ਤਰ੍ਹਾਂ ਕੈਮਿਸਟਰੀ ਵਿਭਾਗ ਦੀ ਮੁਖੀ ਡਾ. ਕਮਲਪ੍ਰੀਤ ਕੌਰ, ਡਾ. ਕੁਲਦੀਪ ਕੌਰ ਤੇ ਹੋਰ ਸਟਾਫ਼ ਮੈਂਬਰਾਂ ਨੇ ਵੀ ਹੋਣਹਾਰ ਵਿਦਿਆਰਥਣ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।



# 'ਆਪ' ਨੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕੀਤਾ : ਹਰਿੰਦਰ ਸਿੰਘ ਸੇਖੋਂ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)** ਲੋਕ ਸਭਾ ਹਲਕਾ ਫ਼ਰੀਦਕੋਟ ਦੇ ਆਈ.ਟੀ. ਸੈੱਲ ਇੰਚਾਰਜ ਤੇ ਸੀਨੀਅਰ ਭਾਜਪਾ ਆਗੂ ਹਰਿੰਦਰ ਸਿੰਘ ਸੇਖੋਂ ਨੇ ਪੰਜਾਬ ਦੀ ਮੌਜੂਦਾ ਸਥਿਤੀ ਨੂੰ ਲੈ ਕੇ ਆਮ ਆਦਮੀ ਪਾਰਟੀ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਦਹਾਕਿਆਂ ਤੱਕ ਕਾਂਗਰਸ ਤੇ ਖੇਤਰੀ ਪਾਰਟੀਆਂ ਨੂੰ ਅਜ਼ਮਾਇਆ ਅਤੇ ਬਦਲਾਅ ਦੀ ਉਮੀਦ ਨਾਲ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ ਸੀ, ਪਰ ਸੂਬੇ ਨੂੰ ਨਿਰਾਸ਼ਾ ਹੀ ਮਿਲੀ ਹੈ।ਉਨ੍ਹਾਂ ਕਿਹਾ ਕਿ ਚਾਰ ਮਹੀਨਿਆਂ ਵਿੱਚ ਨਸ਼ਾ ਖ਼ਤਮ ਕਰਨ ਦੇ ਵਾਅਦੇ ਕਰਨ ਵਾਲੀ ਸਰਕਾਰ ਦੇ ਰਾਜ ਵਿੱਚ ਨਸ਼ਿਆਂ ਦਾ ਗੈਰ-ਕਾਨੂੰਨੀ ਕਾਰੋਬਾਰ ਹੋਰ ਵਧਿਆ ਹੈ।ਉਨ੍ਹਾਂ ਦੋਸ਼ ਲਾਇਆ ਕਿ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਵਾਅਦੇ ਪੂਰੇ ਨਹੀਂ ਹੋਏ, ਜਿਸ ਕਾਰਨ ਪੰਜਾਬ ਦੀ ਜਵਾਨੀ ਮਜਬੂਰੀ ਵੱਸ ਵਿਦੇਸ਼ਾਂ ਵੱਲ ਰੁਖ ਕਰ ਰਹੀ ਹੈ। ਸੇਖੋਂ ਨੇ ਕਿਹਾ ਕਿ ਪੰਜਾਬ ਦਾ ਖ਼ਜ਼ਾਨਾ ਲੋਕ ਭਲਾਈ ਦੇ ਕੰਮਾਂ ਦੀ ਥਾਂ ਦਿੱਲੀ ਦੇ ਨੇਤਾਵਾਂ ਦੇ ਪ੍ਰਚਾਰ ਤੇ ਹਵਾਈ ਦੌਰਿਆਂ 'ਤੇ ਖਰਚਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਹਸਪਤਾਲਾਂ, ਸਕੂਲਾਂ ਤੇ ਬੁਨਿਆਦੀ ਸਹੂਲਤਾਂ ਦੀ ਹਾਲਤ ਸੁਧਾਰਨ ਵੱਲ ਸਰਕਾਰ ਦਾ ਧਿਆਨ ਨਹੀਂ ਹੈ।ਉਨ੍ਹਾਂ ਮੌਜੂਦਾ ਸਰਕਾਰ ਨੂੰ ਕਾਨੂੰਨ ਵਿਵਸਥਾ ਦੇ ਮਾਮਲੇ ਵਿੱਚ ਵੀ ਘੇਰਦੇ ਹੋਏ ਕਿਹਾ ਕਿ ਜਦੋਂ ਸੂਬੇ ਦੀ ਅੰਦਰੂਨੀ ਸੁਰੱਖਿਆ ਹੀ ਖ਼ਤਰੇ ਵਿੱਚ ਹੋਵੇ ਤਾਂ ਵਿਕਾਸ ਸੰਭਵ ਨਹੀਂ।ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸੂਬੇ ਦੇ ਭਵਿੱਖ ਲਈ ਸੋਚ-ਸਮਝ ਕੇ ਫ਼ੈਸਲੇ ਕਰਨ ਦੀ ਅਪੀਲ ਕੀਤੀ।




# ATAM VALVES LIMITED

Registered Office : 1051, Industrial Area, Jalandhar, Punjab-144004
CIN: L27109PB1985PLC006476,Website: www.atamvalves.in
Tel:+91 181 5001111, Email : cs@atamfebi.com

**ਮਿਤੀ 31 ਮਾਰਚ 2026 ਨੂੰ ਖ਼ਤਮ ਹੋਈ ਤਿਮਾਹੀ ਅਤੇ ਖਤਮ ਹੋਏ ਵਿੱਤੀ ਸਾਲ ਲਈ ਪੜਤਾਲੇ ਵਿੱਤੀ ਨਤੀਜੇ**

(ਪ੍ਰਤੀ ਸ਼ੇਅਰ ਡਾਟਾ ਤੋਂ ਇਲਾਵਾ ਰੁਪਏ ਲੱਖਾਂ 'ਚ)

| ਵੇਰਵੇ | ਖ਼ਤਮ ਹੋਈ ਤਿਮਾਹੀ 31.03.2026 | ਖ਼ਤਮ ਹੋਈ ਤਿਮਾਹੀ 31.12.2025 | ਖ਼ਤਮ ਹੋਈ ਤਿਮਾਹੀ 31.03.2025 | ਖ਼ਤਮ ਹੋਇਆ ਸਾਲ 31.03.2026 | ਖ਼ਤਮ ਹੋਇਆ ਸਾਲ 31.03.2025 |
|---|---|---|---|---|---|
| | (ਪੜਤਾਲੇ) | (ਅਣ-ਪੜਤਾਲੇ) | (ਪੜਤਾਲੇ) | (ਪੜਤਾਲੇ) | (ਪੜਤਾਲੇ) |
| ਕਾਰੋਬਾਰਾਂ (ਸ਼ੁੱਧ) ਤੋਂ ਮਾਲੀਆ | 1,310.22 | 1.041.16 | 1,470.88 | 4,729.29 | 6,050.01 |
| ਕੁੱਲ ਆਮਦਨ | 1,310.39 | 1,041.43 | 1,473.35 | 4,730.43 | 6,057.10 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਅਤੇ ਵਿਸ਼ੇਸ਼ ਆਈਟਮਾਂ ਤੋਂ ਪਹਿਲਾਂ) | 118.54 | (75.28) | 287.44 | 328.69 | 851.81 |
| ਮਿਆਦ ਲਈ ਟੈਕਸ ਤੋਂ ਪਹਿਲਾਂ ਸ਼ੁੱਧ ਲਾਭ/ (ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ) | 118.54 | (75.28) | 287.44 | 328.69 | 851.81 |
| ਮਿਆਦ ਲਈ ਟੈਕਸ ਤੋਂ ਬਾਅਦ ਸ਼ੁੱਧ ਲਾਭ/(ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ) | 85.66 | (57.89) | 213.05 | 241.54 | 632.05 |
| ਕੁੱਲ ਵਿਆਪਕ ਆਮਦਨ/ (ਹਾਨੀ) ਮਿਆਦ ਲਈ | 99.22 | (57.89) | 214.66 | 256.51 | 630.68 |
| ਇਕੁਇਟੀ ਸ਼ੇਅਰ ਕੈਪੀਟਲ | 1,146.30 | 1,146.30 | 1,146.30 | 1,146.30 | 1,146.30 |
| ਹੋਰ ਇਕੁਇਟੀ (ਰੀਵੈਲੂਏਸ਼ਨ ਰਿਜ਼ਰਵ ਤੋਂ ਬਿਨਾਂ) | – | – | – | 2,659.77 | 2,500.70 |
| ਪ੍ਰਤੀ ਸ਼ੇਅਰ ਕਮਾਈ (ਰੁ. 10/- ਹਰੇਕ ਦਾ ਅੰਕਿਤ ਮੁੱਲ) | | | | | |
| (ਏ) ਬੇਸਿਕ | 0.75 | (0.50) | 1.86 | 2.11 | 5.50 |
| (ਬੀ) ਡਲਿਊਟਿਡ | 0.75 | (0.50) | 1.86 | 2.11 | 5.50 |

ਟਿੱਪਣੀ 1 : 31 ਮਾਰਚ 2026 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਸਾਲ ਲਈ ਕੰਪਨੀ ਦੇ ਵਿੱਤੀ ਨਤੀਜੇ ਆਡਿਟ ਕਮੇਟੀ ਵੱਲੋਂ ਸਿਫਾਰਸ਼ ਅਤੇ ਨਜ਼ਰਸਾਨੀ ਕੀਤੇ ਗਏ ਅਤੇ ਡਾਇਰੈਕਟਰਾਂ ਦੇ ਬੋਰਡ ਵੱਲੋਂ ਉਨ੍ਹਾਂ ਦੀ 25.05.2026 ਨੂੰ ਹੋਈ ਮੀਟਿੰਗ ਵਿੱਚ ਮਨਜ਼ੂਰ ਕੀਤੇ ਗਏ ਹਨ।

ਟਿੱਪਣੀ 2 : ਉਪਰੋਕਤ 31 ਮਾਰਚ 2026 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਵਿੱਤੀ ਸਾਲ ਦੇ ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮੈਟ ਦਾ ਇੱਕ ਸਾਰ ਹੈ, ਜੋ ਸੇਬੀ (ਲਿਸਟਿੰਗ ਐਂਡ ਅਦਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ਼ਾਂ ਕੋਲ ਦਾਇਰ ਕੀਤਾ ਗਿਆ ਹੈ। 31 ਮਾਰਚ 2026 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਵਿੱਤੀ ਸਾਲ ਦੇ ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜ ਦੀ ਵੈੱਬਸਾਈਟ www.bseindia.com & www.nseindia.com ਅਤੇ ਕੰਪਨੀ ਦੀ ਵੈੱਬਸਾਈਟ https://www.atamvalves.in 'ਤੇ ਉਪਲੱਬਧ ਹੈ।

ਟਿੱਪਣੀ 3 : ਪਿਛਲੀ ਮਿਆਦ/ਸਾਲ ਦੇ ਅੰਕੜੇ, ਚਾਲੂ ਮਿਆਦ ਨਾਲ ਤੁਲਨਾ ਹਿੱਤ, ਜਿੱਥੇ ਲੋੜ ਪਈ ਰੀਗਰੁੱਪਡ/ਰੀਅਰੇਂਜਡ ਕੀਤੇ ਜਾ ਚੁੱਕੇ ਹਨ।

ਵਾਸਤੇ ਅਤੇ ਤਰਫੋਂ ਆਤਮ ਵਾਲਵਜ਼ ਲਿਮਟਿਡ
ਦੇ ਡਾਇਰੈਕਟਰਾਂ ਦੇ ਬੋਰਡ
ਅਮਿਤ ਜੈਨ
ਪ੍ਰਬੰਧਕੀ ਨਿਰਦੇਸ਼ਕ
(ਡੀ ਆਈ ਐੱਨ-01063087)

ਸਥਾਨ : ਜਲੰਧਰ
ਮਿਤੀ : 25/05/2026


# 79 ਸਾਲਾ ਬਜ਼ੁਰਗ ਗੁਰਚਰਨ ਕੌਰ ਨੇ ਪਰਵਾਰ ਸਮੇਤ ਪਾਈ ਵੋਟ

**ਕੋਟ ਈਸੇ ਖਾਂ, (ਅਰੋੜਾ)** ਨਗਰ ਪੰਚਾਇਤ ਚੋਣਾਂ ਦੌਰਾਨ ਵਾਰਡ ਨੰਬਰ 10 ਦੀ ਵਸਨੀਕ 79 ਸਾਲਾ ਬਜ਼ੁਰਗ ਮਾਤਾ ਗੁਰਚਰਨ ਕੌਰ ਨੇ ਆਪਣੇ ਪਰਵਾਰ ਸਮੇਤ ਵੋਟ ਪਾ ਕੇ ਲੋਕਤੰਤਰ ਪ੍ਰਤੀ ਆਪਣਾ ਫ਼ਰਜ਼ ਨਿਭਾਇਆ।ਉਨ੍ਹਾਂ ਕਿਹਾ ਕਿ ਹਰ ਵੋਟਰ ਨੂੰ ਬਿਨਾਂ ਕਿਸੇ ਡਰ ਅਤੇ ਲਾਲਚ ਤੋਂ ਆਪਣੀ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ, ਕਿਉਂਕਿ ਇੱਕ ਵੋਟ ਲੋਕਤੰਤਰ ਨੂੰ ਮਜ਼ਬੂਤ ਬਣਾਉਂਦੀ ਹੈ। ਬਜ਼ੁਰਗ ਮਾਤਾ ਗੁਰਚਰਨ ਕੌਰ ਦਾ ਉਤਸ਼ਾਹ ਨੌਜਵਾਨਾਂ ਲਈ ਵੀ ਪ੍ਰੇਰਣਾ ਬਣਿਆ ਰਿਹਾ।ਪਰਵਾਰਕ ਮੈਂਬਰਾਂ ਨੇ ਵੀ ਲੋਕਾਂ ਨੂੰ ਵੱਧ ਤੋਂ ਵੱਧ ਮਤਦਾਨ ਕਰਨ ਦੀ ਅਪੀਲ ਕੀਤੀ।



# ਸਾਰੀਆਂ ਧਿਰਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਨ ਲਈ ਯਤਨ ਜਾਰੀ : ਖ਼ਾਲਸਾ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਅਕਾਲੀ ਦਲ ਵਾਰਿਸ ਪੰਜਾਬ ਦੇ ਸਰਪ੍ਰਸਤ ਭਾਈ ਤਰਸੇਮ ਸਿੰਘ ਖ਼ਾਲਸਾ ਨੇ ਪੰਜਾਬ ਦੀ ਆਪ ਸਰਕਾਰ 'ਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਦੋਸ਼ ਲਗਾਇਆ ਕਿ ਮੌਜੂਦਾ ਸਰਕਾਰ ਸਿੱਖ ਵਿਰੋਧੀ ਨੀਤੀਆਂ 'ਤੇ ਚੱਲ ਰਹੀ ਹੈ ਤੇ ਪੰਜਾਬ ਦੇ ਅਸਲ ਮਸਲਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਕਰਕੇ ਗੁਰਬਾਣੀ, ਸਿੱਖੀ ਤੇ ਆਪਣੇ ਵਿਰਸੇ ਨਾਲ ਜੋੜਨ ਦਾ ਸੰਦੇਸ਼ ਦੇਣ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਤੇ ਉਨ੍ਹਾਂ ਦੇ ਸਾਥੀਆਂ ਨੂੰ ਜਾਣ-ਬੁੱਝ ਕੇ ਨਿਸ਼ਾਨਾ ਬਣਾਇਆ ਗਿਆ ਹੈ।ਹਲਕਾ ਮਹਿਲ ਕਲਾਂ ਦੇ ਪਿੰਡ ਸਹਿਜੜਾ ਵਿਖੇ ਵਿਸ਼ੇਸ਼ ਗੱਲਬਾਤ ਦੌਰਾਨ ਬਾਪੂ ਤਰਸੇਮ ਸਿੰਘ ਖ਼ਾਲਸਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ 'ਤੇ ਝੂਠੇ ਕੇਸ ਦਰਜ ਕਰਕੇ ਐੱਨ ਐੱਸ ਏ ਵਰਗੀਆਂ ਸਖ਼ਤ ਧਾਰਾਵਾਂ ਲਗਾਈਆਂ ਗਈਆਂ ਹਨ ਤੇ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਦੀਆਂ ਜੇਲ੍ਹਾਂ ਵਿੱਚ ਰੱਖ ਕੇ ਸਿੱਖ ਕੌਮ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੇ ਪੰਥਕ ਏਕਤਾ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਬਾਪੂ ਤਰਸੇਮ ਸਿੰਘ ਖ਼ਾਲਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪੰਥਕ ਸੋਚ ਰੱਖਣ ਵਾਲੀਆਂ ਤੇ ਸਿੱਖ ਮਸਲਿਆਂ ਦੀ ਆਵਾਜ਼ ਬੁਲੰਦ ਕਰਨ ਵਾਲੀਆਂ ਧਿਰਾਂ ਨੂੰ ਇੱਕ ਮੰਚ 'ਤੇ ਲਿਆਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤਾਂ ਵਿੱਚ ਸਿੱਖ ਕੌਮ ਨੂੰ ਇਕੱਠੇ ਹੋ ਕੇ ਆਪਣੇ ਹੱਕਾਂ ਤੇ ਪੰਜਾਬ ਦੇ ਮੁੱਦਿਆਂ ਲਈ ਸਾਂਝੀ ਲੜਾਈ ਲੜਨ ਦੀ ਲੋੜ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਸਿਆਸਤ ਵਿੱਚ ਵੱਡੇ ਬਦਲਾਅ ਵੇਖਣ ਨੂੰ ਮਿਲਣਗੇ।ਵਿਧਾਇਕ ਮਨਪ੍ਰੀਤ ਸਿੰਘ ਇਆਲੀ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਸੰਦੇਸ਼ ਮੁਤਾਬਕ ਮਨਪ੍ਰੀਤ ਸਿੰਘ ਇਆਲੀ ਨਾਲ ਉਨ੍ਹਾਂ ਦੇ ਘਰ ਜਾ ਕੇ ਮੁਲਾਕਾਤ ਕੀਤੀ ਗਈ ਹੈ।ਭਾਈ ਤਰਸੇਮ ਸਿੰਘ ਖ਼ਾਲਸਾ ਨੇ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਬਹਾਲੀ, ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ, ਪੰਥ ਦੀ ਚੜ੍ਹਦੀ ਕਲਾ ਤੇ ਸਿੱਖ ਮਸਲਿਆਂ ਦੇ ਹੱਲ ਲਈ ਵਾਰਿਸ ਪੰਜਾਬ ਦੇ ਜਥੇਬੰਦੀ ਦਾ ਸਾਥ ਦਿੱਤਾ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਤੇ ਪੰਥ ਦੇ ਹਿੱਤਾਂ ਲਈ ਸੰਘਰਸ਼ ਜਾਰੀ ਰਹੇਗਾ ਤੇ ਕਿਸੇ ਵੀ ਕੀਮਤ 'ਤੇ ਪਿੱਛੇ ਨਹੀਂ ਹਟਿਆ ਜਾਵੇਗਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਗੁਰਿੰਦਰ ਸਿੰਘ ਗਿੰਦੀ, ਸੁਖਵਿੰਦਰ ਸਿੰਘ ਠੀਕਰੀਵਾਲ, ਰਣਜੀਤ ਸਿੰਘ ਚੰਨਣਵਾਲ, ਪੂਰਨ ਸਿੰਘ ਗੰਡੇਵਾਲ, ਬੇਅੰਤ ਸਿੰਘ ਗੰਡੇਵਾਲ, ਮਾ: ਰਣਜੀਤ ਸਿੰਘ ਖੇੜੀ, ਸੁਖਦੇਵ ਸਿੰਘ ਚੰਨਣਵਾਲ, ਰਣਜੀਤ ਸਿੰਘ ਸੇਰਪੁਰ, ਅਵਤਾਰ ਸਿੰਘ ਰਾਏਸਰ, ਸਰਪੰਚ ਭਗਵਾਨ ਸਿੰਘ ਸਤਰਾਣਾ, ਗੁਰਮੇਲ ਸਿੰਘ ਰੰਧਾਵਾ, ਹਰਜੀਤ ਸਿੰਘ ਬਰਨਾਲਾ ਆਦਿ ਹਾਜ਼ਰ ਸਨ।

# ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਵੱਲੋਂ ਨਵੇਂ ਅਕਾਦਮਿਕ ਬੈਚ ਲਈ ਦਾਖਲਿਆਂ ਦਾ ਐਲਾਨ

**ਰਾਜਪੁਰਾ (ਰਮੇਸ਼ ਕਟਾਰੀਆ)**- ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਰਾਜਪੁਰਾ ਨੇੜੇ ਚੰਡੀਗੜ੍ਹ ਨੇ ਅਕਾਦਮਿਕ ਸੈਸ਼ਨ 2026-27 ਲਈ ਆਪਣੇ 20ਵੇਂ ਅਕਾਦਮਿਕ ਬੈਚ ਲਈ ਅਧਿਕਾਰਤ ਤੌਰ 'ਤੇ ਦਾਖਲਿਆਂ ਦਾ ਐਲਾਨ ਕੀਤਾ ਹੈ।ਭਾਰਤ ਤੇ ਵਿਦੇਸ਼ਾਂ ਵਿੱਚ ਸਫਲ ਕਰੀਅਰ ਲਈ ਵਿਦਿਆਰਥੀਆਂ ਤੋਂ ਵੱਖ-ਵੱਖ ਪੇਸ਼ੇਵਰ, ਤਕਨੀਕੀ ਤੇ ਸਿਹਤ ਸੰਭਾਲ ਕੋਰਸਾਂ ਲਈ ਅਰਜ਼ੀਆਂ ਮੰਗੀਆਂ ਗਈਆਂ ਹਨ। ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਡਾ. ਅੰਸ਼ੂ ਕਟਾਰੀਆ ਨੇ ਕਿਹਾ ਕਿ ਆਰੀਅਨਜ਼ ਨੇ ਉੱਚ ਸਿੱਖਿਆ ਵਿੱਚ ਲਗਭਗ ਦੋ ਦਹਾਕੇ ਸਫਲਤਾਪੂਰਵਕ ਪੂਰੇ ਕੀਤੇ ਹਨ ਤੇ ਦੁਨੀਆ ਭਰ ਵਿੱਚ ਨਾਮਵਰ ਸੰਸਥਾਵਾਂ, ਉਦਯੋਗਾਂ, ਹਸਪਤਾਲਾਂ ਤੇ ਬਹੁ-ਰਾਸ਼ਟਰੀ ਕੰਪਨੀਆਂ ਵਿੱਚ ਕੰਮ ਕਰਨ ਵਾਲੇ ਹਜ਼ਾਰਾਂ ਪੇਸ਼ੇਵਰ ਪੈਦਾ ਕੀਤੇ ਹਨ। ਇੰਜੀਨੀਅਰਿੰਗ, ਪੌਲੀਟੈਕਨਿਕ, ਕਾਨੂੰਨ, ਪ੍ਰਬੰਧਨ, ਕੰਪਿਊਟਰ ਐਪਲੀਕੇਸ਼ਨ, ਨਰਸਿੰਗ, ਫਾਰਮੇਸੀ, ਪੈਰਾ ਮੈਡੀਕਲ ਤੇ ਅਲਾਈਡ ਹੈਲਥ ਸਾਇੰਸਿਜ਼ ਸਮੇਤ ਵੱਖ-ਵੱਖ ਸਟ੍ਰੀਮਾਂ ਵਿੱਚ ਦਾਖਲੇ ਖੁੱਲ੍ਹੇ ਹਨ।ਪੇਸ਼ ਕੀਤੇ ਜਾਣ ਵਾਲੇ ਕੋਰਸਾਂ ਵਿੱਚ ਬੀ.ਟੈਕ, ਪੌਲੀਟੈਕਨਿਕ ਡਿਪਲੋਮਾ (ਸਿਵਲ, ਮਕੈਨੀਕਲ, ਇਲੈਕਟ੍ਰੀਕਲ ਇੰਜੀਨੀਅਰਿੰਗ), ਐੱਲਐੱਲਬੀ, ਬੀਏ-ਐੱਲਐੱਲਬੀ, ਐੱਮਬੀਏ, ਬੀਸੀਏ, ਬੀਬੀਏ, ਬੀ.ਐੱਡ, ਜੀਐੱਨਐੱਮ, ਏਐੱਨਐੱਮ, ਬੀ.ਐੱਸਸੀ ਨਰਸਿੰਗ, ਪੋਸਟ ਬੇਸਿਕ ਬੀ.ਐੱਸਸੀ ਨਰਸਿੰਗ, ਬੀ.ਫ਼ਾਰਮੇਸੀ, ਬੀ.ਫ਼ਾਰਮੇਸੀ (ਲੀਟ), ਐੱਮ.ਫ਼ਾਰਮੇਸੀ, ਫਾਰਮਾ.ਡੀ, ਪੈਰਾ ਮੈਡੀਕਲ ਤੇ ਅਲਾਈਡ ਹੈਲਥ ਸਾਇੰਸਜ਼ ਕੋਰਸ ਸ਼ਾਮਲ ਹਨ। ਡਾ. ਕਟਾਰੀਆ ਨੇ ਦੱਸਿਆ ਕਿ ਆਰੀਅਨਜ਼ ਗਰੁੱਪ ਵਿਦਿਆਰਥੀਆਂ ਨੂੰ ਵਿਸ਼ਵਵਿਆਪੀ ਕਰੀਅਰ ਦੇ ਮੌਕਿਆਂ ਵਾਸਤੇ ਤਿਆਰ ਕਰਨ ਲਈ ਗੁਣਵੱਤਾ ਵਾਲੀ ਸਿੱਖਿਆ, ਵਿਹਾਰਕ ਐਕਸਪੋਜ਼ਰ, ਉਦਯੋਗ-ਮੁਖੀ ਸਿਖਲਾਈ, ਹੁਨਰ ਵਿਕਾਸ ਤੇ ਸ਼ਖਸੀਅਤ ਦੇ ਵਾਧੇ 'ਤੇ ਕੇਂਦ੍ਰਤ ਕਰਦਾ ਹੈ।ਉਨ੍ਹਾਂ ਕਿਹਾ ਕਿ ਯੋਗ ਤੇ ਹੋਣਹਾਰ ਵਿਦਿਆਰਥੀਆਂ ਲਈ ਸਕਾਲਰਸ਼ਿਪ ਵੀ ਉਪਲਬਧ ਹੈ।ਦਾਖਲੇ ਵਿੱਚ ਦਿਲਚਸਪੀ ਰੱਖਣ ਵਾਲੇ ਵਿਦਿਆਰਥੀ ਤੇ ਮਾਪੇ ਕੋਰਸਾਂ, ਯੋਗਤਾ, ਸਕਾਲਰਸ਼ਿਪ ਤੇ ਦਾਖਲਾ ਪ੍ਰਕਿਰਿਆਵਾਂ ਬਾਰੇ ਕਾਉਂਸਲਿੰਗ ਤੇ ਵਿਸਤ੍ਰਿਤ ਜਾਣਕਾਰੀ ਲਈ ਆਰੀਅਨਜ਼ ਗਰੁੱਪ ਆਫ਼ ਕਾਲਜ ਰਾਜਪੁਰਾ, ਚੰਡੀਗੜ੍ਹ ਵਿਖੇ ਜਾ ਸਕਦੇ ਹਨ।



# ਮਿੰਨੀ ਬੱਸ ਉਪਰੇਟਰਾਂ ਤੇ ਆਮ ਜਨਤਾ 'ਤੇ ਪਿਆ ਭਾਰੀ ਬੋਝ : ਹਰਦੀਪ ਮਾਛੀਕੇ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)** ਪੰਜਾਬ 'ਚ ਲਗਾਤਾਰ ਵਧ ਰਹੀਆਂ ਡੀਜ਼ਲ ਦੀਆਂ ਕੀਮਤਾਂ ਕਾਰਨ ਮਿੰਨੀ ਬੱਸ ਉਪਰੇਟਰਾਂ ਤੇ ਆਮ ਜਨਤਾ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਮਿੰਨੀ ਬੱਸ ਉਪਰੇਟਰਾਂ ਦੇ ਚੇਅਰਮੈਨ ਪੰਜਾਬ ਹਰਦੀਪ ਮਾਛੀਕੇ ਨੇ ਚਿੰਤਾ ਜਤਾਉਂਦੇ ਹੋਏ ਕਿਹਾ ਕਿ ਡੀਜ਼ਲ ਮਹਿੰਗਾ ਹੋਣ ਨਾਲ ਮਿੰਨੀ ਬੱਸਾਂ ਚਲਾਉਣ ਦਾ ਖਰਚਾ ਕਾਫੀ ਵੱਧ ਗਿਆ ਹੈ, ਜਿਸ ਨਾਲ ਉਪਰੇਟਰ ਆਰਥਿਕ ਤੌਰ 'ਤੇ ਦਬਾਅ ਹੇਠ ਆ ਗਏ ਹਨ। ਉਨ੍ਹਾਂ ਕਿਹਾ ਕਿ ਮਿੰਨੀ ਬੱਸਾਂ ਪਿੰਡਾਂ ਤੇ ਛੋਟੇ ਸ਼ਹਿਰਾਂ ਦੇ ਲੋਕਾਂ ਲਈ ਆਵਾਜਾਈ ਦਾ ਮੁੱਖ ਸਾਧਨ ਹਨ, ਪਰ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਕਾਰਨ ਬੱਸ ਮਾਲਕਾਂ ਲਈ ਰੋਜ਼ਾਨਾ ਖਰਚਾ ਕੱਢਣਾ ਔਖਾ ਹੋ ਰਿਹਾ ਹੈ।ਕਈ ਉਪਰੇਟਰਾਂ ਨੂੰ ਬੱਸਾਂ ਦੇ ਰੂਟ ਘਟਾਉਣ ਜਾਂ ਸੇਵਾ ਬੰਦ ਕਰਨ ਬਾਰੇ ਵੀ ਸੋਚਣਾ ਪੈ ਰਿਹਾ ਹੈ। ਹਰਦੀਪ ਮਾਛੀਕੇ ਨੇ ਕਿਹਾ ਕਿ ਇਸ ਮਹਿੰਗਾਈ ਦਾ ਸਿੱਧਾ ਅਸਰ ਆਮ ਲੋਕਾਂ 'ਤੇ ਵੀ ਪੈ ਰਿਹਾ ਹੈ।ਕਿਰਾਏ ਵਧਣ ਨਾਲ ਵਿਦਿਆਰਥੀ, ਮਜ਼ਦੂਰ ਤੇ ਰੋਜ਼ਾਨਾ ਸਫਰ ਕਰਨ ਵਾਲੇ ਲੋਕ ਕਾਫੀ ਪ੍ਰੇਸ਼ਾਨ ਹਨ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਡੀਜ਼ਲ ਦੀਆਂ ਕੀਮਤਾਂ 'ਤੇ ਕਾਬੂ ਪਾਇਆ ਜਾਵੇ ਅਤੇ ਮਿੰਨੀ ਬੱਸ ਉਪਰੇਟਰਾਂ ਨੂੰ ਰਾਹਤ ਦਿੱਤੀ ਜਾਵੇ ਤਾਂ ਜੁ ਆਮ ਜਨਤਾ ਨੂੰ ਵੀ ਸੁਵਿਧਾ ਮਿਲ ਸਕੇ।



